16966 G

16966-G

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

16966-G

੧ ੴ ਸਤਿਗੁਰਪ੍ਰਸਾਦਿ ॥

# ਪ੍ਰਸੰਗ ਅਨੂਪ ਕੌਰ

## ਅਕਾਲ ਮਹਿਮਾ

[ਤੋਟਕ ਛੰਦ]

ਵਾ ਵਾਹ ਪਰਮਾਤਮ ਰੂਪ ਤੁਵੇਂ ਜੈਹੇ ਭੂਮ ਅਕਾਸ਼ ਪਤਾਲ ਰਚੇਂ
ਕਿੰਨਰ ਜਛ ਨਾਗ ਭੁਜੰਗ ਕੀਏ ਕਈ ਭੂਤ ਭਵਿਖਨ ਥਾਪ ਦੀਏ
ਉਦੇ ਅਸਤੰ ਭਾਨ ਰਵੀ ਕਰ ਹੈ ਨਿਸ ਬਾਸਰ ਥਾਪ ਕਹੀ ਧਰ ਹੈ
ਨਰ ਨਾਰ ਅਪਾਰ ਕੀਏ ਲਾਖੰ ਕੌਨ ਜਬਾ ਬ੍ਰਨ ਸਕੇ ਭਾਖੰ
ਬਹੁ ਸ਼ੇਸ਼ ਗਣੇਸ਼ ਮਹੇਸ਼ ਰਚੇ ਕਈ ਕੋਟੰ ਨਾਮ ਤੇਰੋ ਓਚਰੰ
ਕਹੀਂ ਜਲ ਥਲ ਸ਼ੁਧ ਬੇਸ਼ੁਧ ਚਲੈ ਕਹੀ ਤਰਵਰ ਧਾਲ ਬਿਸਾਲ ਖਲੈ
ਬਹੁ ਅਚਰਜ ਖੇਲ ਬਨਾ ਧਰ ਹੈ ਇਕ ਬੂਦੋਂ ਬੁੱਤ ਤੂਹੀ ਕਰ ਹੈ
ਸਭ ਮਾਇਆ ਤੁਮਰੀ ਇਸਵਰ ਹੈ ਜੋਹ ਜੋਗੀ ਜਤੀ ਤਪੀਸ਼ਵਰ ਹੈ
ਨਹਿੰ ਸੋਭਾ ਰਸਨਾ ਭਾਖ ਸਕੈ ਕੀ ਮਾਇਆ ਤੁਮਰੀ ਅੰਧ ਲਖੈ

## ਬੈਂਤ

ਜਿਧ੍ਰ ਦੇਖਨਾ ਹਾਂ ਤੂਹੀ ਤੂੰ ਦਿਸੇ ਹਰ ਇਕ ਚੀਜ਼ ਅੰਦ੍ਰ ਤੇਰਾ ਰੰਗ ਬਾਂਬਾਂ
ਨਾਲ ਕੁਦਰਤਾਂ ਜਗਤ ਨੂੰ ਸਾਜਿਆਈ ਹੋਵਾਂ ਸ਼ਾਨ ਤੇਰੀ ਦੇਖ ਦੰਗ ਬਾਂਬਾਂ
ਤੂਹੀ ਭੂਤ ਅਵਧੂਤ ਭਬੂਤ ਮਲਕੇ ਮੋਨ ਧਾਰ ਹੋ ਬਹੇ ਨਿਹੰਗ ਬਾਂਬਾਂ
ਤੂਹੀ ਮਸਤ ਅਲਸਤ ਮਹਬੂਬ ਹੋਕੇ ਦਿਲਬ੍ਰ ਮਿਲਨ ਦੀ ਕਰੇਂ ਉਮੰਗ ਬਾਂਬਾਂ
ਤੂਹੀ ਹੁਸਨ ਜਮਾਲ ਨੂੰ ਦੱਖ ਤੇਰਾ ਅੱਖ ਲੜਨ ਦਾ ਦਸਨਾਂ ਢੰਗ ਬਾਂਬਾਂ
ਤੂਹੀ ਅਲਕ ਰੁਖਸਾਰ ਤੇ ਝਲਕ ਤੂਵੇ ਨਿਗ੍ਹਾ ਨਾਗਨੀ ਦੇ ਮਾਰੇਂ ਡੰਗ ਬਾਂਬਾਂ

PUNJAB PATIALA

Digitized by Panjab Digital Library | www.panjabdigilib.org

ਤੂਹੀ ਖਿਜਰ ਖਵਾਜ ਤੇ ਰੁੱਦ੍ਰ ਤੂਹੀ ਪਾਣੀਸਾਫਹੋ ਵਗੇ ਸ੍ਵਬੰਗ ਬਾਂਬਾਂ
ਤੂਹੀ ਗੰਗਆ ਗੁਦਾਵਰੀ ਸੁਰਸ੍ਵਤੀ ਭੀ ਚਲੇ ਤੂਹੀ ਹੀ ਰੂਪ ਹੋ ਰੰਗ ਬਾਂਬਾਂ
ਤੂਹੀ ਔਸ਼ਧੀ ਵੈਦ ਬੀਮਾਰ ਤੂਹੀ ਤੂਹੀ ਮਰਜ ਬੁਖਾਰ ਤੇ ਖੰਗ ਬਾਂਬਾਂ
ਮਨ ਬੁੱਧ ਹੰਕਾਰ ਤੇ ਚਿੱਤ ਤੂਹੀ ਤੂਹੀ ਵਾਸ਼ਨਾਂ ਹੋਇਓ ਤਰੰਗ ਬਾਂਬਾਂ
ਤੂਹੀ ਤੇਜ ਬਲਕਾਰ ਗਰੂਰ ਤੂਹੀ ਖੁਦੀ ਵਿਚ ਮਚਾਂਵਨਾ ਜੰਗ ਬਾਂਬਾਂ
ਕਦੀ ਭਗਤ ਵਰਕਤ ਅਡੋਲ ਹੋਕੇ ਰਖੇ ਵਿਚ ਭਲਮਾਨਸੀ ਟੰਗਬਾਂਬਾਂ
ਤੂਹੀ ਕੀਰ ਕੰਗਾਲ ਕਮਜੋਰ ਤੂਹੇਂ ਵਿਚ ਕੂਚਿਆਂ ਦੇਰਿਹੋਂ ਮੰਗ ਬਾਂਬਾਂ
ਦਾਨਸ਼ਮੰਦ ਤੂ ਮਗਨ ਸਰੂਪ ਤੂਹੇਂ ਰਖੇਂ ਨੰਗ ਨਾਮੂਜ ਤੇ ਸੰਗ ਬਾਂਬਾਂ
ਤੂਹੀ ਫੀਮ ਸ਼ਰਾਬ ਸਰੂਰ ਤੂਹੇਂ ਵਿਚ ਅਮਲੀਆਂ ਘੋਟਨਾ ਭੰਗ ਬਾਂਬਾਂ
ਤੂਹੀ ਭੋਗ ਪਦਾਰਥੋਂ ਰੈਹਤ ਹੋਕੇ ਤਾਰਕ ਤਰਕ ਕਰ ਬਹਿਮਲੰਗਬਾਂਬਾਂ
ਤੂਹੀ ਕੈਦ ਆਜ਼ਾਦ ਜੰਜੀਰ ਤੂਹੀ ਗ੍ਰਿਫਤਾਰ ਹੋ ਬਹਿ ਨਿਸੰਗ ਬਾਂਬਾਂ
ਤੂਹੀ ਅੰਨ ਤੇ ਟੁਕ ਤੋਂ ਆਤਰੀ ਹੋ ਬੈਠੇ ਫੁਕਰਿਆਂ ਵਾਂਗ ਹੋ ਤੰਗ ਬਾਂਬਾਂ
ਲਟਕ ਨਾਜ ਸਰੂਪ ਤੂ ਦੀਵਰੇ ਦਾ ਤੂਹੀ ਜਲੇਂਹੋ ਮਿਸਲ ਪਤੰਗਬਾਂਬਾਂ
ਤੂਹੀ ਇਸ਼ਕ ਹਕੀਕ ਮਜਾਜ ਤੂਹੀ ਕਾਮ ਰੂਪ ਤੂ ਰੂਪ ਅਨੰਗ ਬਾਂਬਾਂ
ਖਾਲਕ ਖਲਕ ਤੂ ਮੌਤ ਤੇ ਮਲਕ ਤੂਹੇਂ ਪਿਆ ਭੇਜਨਾ ਕਾਡ ਬੈਰੰਗਬਾਂਬਾਂ
ਬਚਨ ਸਿੰਘ ਦਤਾਰ ਤੂੰ ਆਪ ਜਾਚਕ ਆਪੇ ਆਪਣਾ ਢਕਨੈ ਨੰਗ ਬਾਂਬਾਂ

## ਸ੍ਰੀ ਗੁਰੂ ਨਾਨਕ ਮੈਹਮਾ

### ਦੋਹਿਰਾ

ਗੁਰੂ ਨਾਨਕ ਨਿਰੰਕਾਰ ਕੀ ਮੂਰਤ ਏਕ ਪਛਾਨ ।
ਸਾਧਨ ਹਿਤ ਅੱਤ ਲੋਕਕੇ ਚਲ ਆਏ ਭਗਵਾਨ ॥
ਮਾਲਕ ਚੌਦਾਂ ਭਵਨ ਕੇ ਸਭ ਭੂਪਨ ਕੇ ਭੂਪ ।
ਨੀਚ ਉਧਾਰਨ ਭੈ ਹਰਨ ਸਤਗੁਰ ਨਾਨਕ ਰੂਪ ॥
ਇਨ ਚਰਨਨ ਪਰ ਮਮ ਸਦਾ ਕਰੂੰ ਬੰਦਨਾ ਲਾਖ ।
ਜਿਉਂ ਜਾਨੋਂ ਪੂਰਨ ਪਤੀ ਲਾਜ ਹਮਾਰੀ ਰਾਖ ॥

Digitized by Panjab Digital Library | www.panjabdigilib.org

## ਕਬਿੱਤ

169664

ਸਤਗੁਰੂ ਨਾਨਕ ਭਿਆਨਕ ਸਮਝ ਕਾਲ
ਆਨ ਕੇ ਮਹਾਨਕ ਦਿਖਾਇਆ ਕਰਾਮਾਤ ਕੋ।
ਚਾਂਦਨੀ ਕੇ ਬੀਚ ਮਹਾਂ ਚਾਂਦ ਦੇ ਪ੍ਰਕਾਸ਼ ਕੀਆ
ਛਾਨ ਕੇ ਅਕਾਸ਼ ਤੇ ਮਿਟਾਇਆ ਗੈਹਰੀ ਰਾਤ ਕੋ।
ਪਾਪਨ ਕੀ ਧੂਪ ਨੈ ਸਰੂਪ ਕੋ ਬਿਗਾੜ ਦੀਨਾ
ਸ਼ਾਂਤੀ ਕੇ ਰੂਪ ਨੇ ਦਿਖਾਇਆ ਕਰ ਬਾਤ ਕੋ।
ਸੀਤਲਾ ਧਰਮ ਪਾਪ ਤਾਪ ਕੋ ਅਭੇਦ ਕੀਆ
ਕਾਟ ਕੇ ਅਪਾਦ ਕਾਇਮ ਕੀਨਾ ਹੈ ਜਮਾਤ ਕੋ॥

## ਕਵੀ ਦੀ ਆਤਮਕ ਮਨਸ਼ਾ

ਅੱਵਲ ਧਾਰ ਸਮਾਧ ਅਡੋਲ ਹੋਕੇ ਐਸੇ ਸਤਿਗੁਰਾਂ ਨੂੰ ਨਮਸ਼ਕਾਰ ਕਰੀਏ
ਫੋਟੋ ਖਿੱਚਕੇ ਧਰਮ ਦੀ ਮੂਰਤੀ ਦਾ ਕਲਬ ਅਪਣੇ ਵਿਚ ਦੀਦਾਰ ਕਰੀਏ
ਚਰਨ ਪੂਜੀਏ ਚਿੱਤ ਦੀ ਵਾਸ਼ਨਾਂ ਥੀਂ ਤਨ ਮਨ ਵਾਰਕੇ ਅਤੀ ਪਜਾਰ ਕਰੀਏ
ਤਾਂ ਫਿਰ ਲਭੀਏ ਆਪਣੇ ਆਪ ਤਾਈਂ ਜਦੋਂ ਆਪਣਾ ਆਪ ਨਿਸਾਰ ਕਰੀਏ
ਉਠੇ ਭਜਨ ਦੀ ਤਾਰ ਸਰੀਰ ਵਿਚੋਂ ਖੋਟੀ ਵਾਸ਼ਨਾਂ ਨੂੰ ਧਿਰਕਾਰ ਕਰੀਏ
ਫੇਰ ਢੂੰਢੀਏ ਵਸਤ ਅਨੋਖੜੀ ਨੂੰ ਬਾਝ ਅੰਨ ਦੇ ਪੇਟ ਅਧਾਰ ਕਰੀਏ
ਅਤੇ ਚਿੱਤ ਦੇ ਹੋਣ ਸੰਕਲਪ ਪੂਰੇ ਤੇ ਵਿਕਲਪ ਤਾਈਂ ਦੁਸ਼ਵਾਰ ਕਰੀਏ
ਲੈਕੇ ਓਟ ਸਤਗੁਰਾਂ ਦੀ ਬਚਨ ਸਿੰਘਾ ਬੇੜੇ ਦੁਖ ਦੇ ਭਉ ਜਲੋਂ ਪਾਰ ਕਰੀਏ

## ਕਵੀਸ਼ਰ

ਹਰਦਮ ਯਾਦ ਕਰੀਏ ਸਚੇ ਸਤਗੁਰਾਂ ਨੂੰ ਜਿਨ੍ਹਾਂ ਅੰਤ ਨੂੰ ਢੱਕਣਾ ਲੰਗ ਤੇਰਾ। ਨਾਲੇ ਮੁਸ਼ਕਲਾਂ ਕਰਨ ਐਸਾਨ ਸਭੇ ਸੋਹਣਾ ਲੋਕ ਪਰਲੋਕ ਦਾ ਸੰਗ ਤੇਰਾ। ਸੰਗਤ ਭਲੇ ਦੀ ਪੁਰਸ਼ ਨੂੰ ਤਾਰਦੀ ਏ ਬੇੜਾ ਡੋਬਣਾ ਅੰਤ ਕੁਸੰਗ ਤੇਰਾ। ਲੱਗ ਨੇਕ ਦੀ ਸੋਬਤੇ ਮੂਰਖਾ ਓਇ ਕਾਇਮ ਰਹੇ ਨਾਮੂਜ ਤੇ ਨੰਗ ਤੇਰਾ। ਐਬ ਕਰਦਿਆਂ ਜ਼ਿੰਦਗੀ

Digitized by Panjab Digital Library | www.panjabdigilib.org

ਬੱਸ ਹੋਈ ਫੜਿਆ ਗੰਠੀਏ ਬਦਨ ਹਦਰੰਗ ਤੇਰਾ। ਮਲਕਲ ਮੌਤ ਉਤਾਰਨਾਂ ਸੀਸ ਭਲਕੇ ਪਿਛੇ ਟੁਰਪਿਆ ਕਾਟ ਬੇਰੰਗ ਤੇਰਾ। ਸੂਰਤ ਸਾਫ ਨਾਂ ਕਦੀ ਪੈਛਾਨੀਓ ਓਇ ਹਰਦਮ ਗੁੰਡਿਆਂ ਦੇ ਜਿਹਾਂ ਢੰਗ ਤੇਰਾ। ਕਿਚਰਕ ਤਕ ਬਦਫੈਲੀਆਂ ਕਾਇਮ ਰਹਿਸਨ ਅਤੇ ਸੁਰਖ ਸੰਧੂਰ ਦਾ ਰੰਗ ਤੇਰਾ। ਗਿਰੇਵਾਨ ਉਠਾਕੇ ਮਾਰ ਝਾਤੀ ਆਇਆ ਵਕਤ ਬੇਹੂਦਿਆ ਤੰਗ ਤੇਰਾ। ਕਰੇਂ ਯਾਦ ਨਾਂ ਓਸ ਦੀ ਬਚਨ ਸਿੰਘਾ ਜਿਨੇ ਅੰਤ ਨੂੰ ਪਾਲਨਾ ਅੰਗ ਤੇਰਾ ॥

## ਸਤਿਗੁਰਾਂ ਅਗੇ ਅਤੀ ਬੇਨਤੀ

ਕਾਰਨ ਕਰਨ ਸਮਰਥ ਸਤਗੁਰੂ ਮੇਰੇ ਪਹਿਲਾਂ ਚਰਨ ਤੇਰੇ ਨਮਸਕਾਰ ਹੋਵੇ। ਝੋਲੀ ਅੱਡ ਕੇ ਫੇਰ ਦੁਆ ਮੰਗਾਂ ਕਿਸ਼ਤੀ ਸੱਤ ਸਮੁੰਦਰੋਂ ਪਾਰ ਹੋਵੇ। ਮੈਨੂੰ ਲੋੜ ਨਹੀਂ ਹੋਰ ਪਦਾਰਥਾਂ ਦੀ ਰਾਤੀ ਸੁਤਿਆਂ ਰੋਜ਼ ਦੀਦਾਰ ਹੋਵੇ। ਅਤੇ ਭੁਖ ਪਿਆਸ ਨਾਂ ਰਹੇ ਮਾਸਾ ਤੇਰੇ ਨਾਮ ਦਾ ਇਕ ਅਧਾਰ ਹੋਵੇ ॥

ਜਿਨਾਂ ਜਨਾਂ ਤੇ ਤੁਸਾਂ ਦੀ ਨਿਗਾ ਹੋਗਈ ਸੱਤਾਂ ਕੁਲਾਂ ਦਾ ਬੋਝ ਉਤਾਰ ਗਏ ਨੇ। ਇਸ ਲੋਕ ਪਰਲੋਕ ਦੀ ਖੇਡ ਅੰਦਰ ਇਕ ਦਰ ਜਿੱਤ ਗਏ ਤੇ ਇਕ ਦਰ ਹਾਰ ਗਏ ਨੇ। ਕਾਂਇਆਂ ਭੂਮ ਦੇ ਸਰੇ ਮੈਦਾਨ ਅੰਦਰ ਫੌਜ ਕਾਮ ਕਲੰਕ ਦੀ ਮਾਰ ਗਏ ਨੇ। ਬਚਨ ਸਿੰਘ ਤੁਸਾਡੜੀ ਨਾਲ ਕਿਰਪਾ ਮਾਨੁਖ ਜਨਮ ਦੁਰਲਭ ਸੁਧਾਰ ਗਏ ਨੇ॥

## ਸ਼ੇਅਰ

ਮੇਰੇ ਵਾਸਤੇ ਮੇਹਰ ਦੀ ਨਿਗ੍ਹਾ ਕਰਨੀ ਜੈਸੇ ਪਿਛਲਿਆਂ ਵਲ ਖਿਆਲ ਹੋਇਆ। ਤੇਰੇ ਬਾਝ ਨਾਂ ਆਸਰਾ ਹੋਰ ਕੋਈ ਪਾਪੀ ਜਨਾਂ ਦਾ ਮੰਦੜਾ ਹਾਲ ਹੋਇਆ। ਜੈਸੇ ਜਾਣਦੇ ਹੋ ਤਿਵੇਂ ਤਾਰ ਛਡੋ ਪਿਛਾਂ ਪਰਤਣਾ ਬਹੁਤ ਮੁਹਾਲ ਹੋਇਆ। ਬਚਨ ਸਿੰਘ ਜਹਾਨ ਤੇ ਪਤਤ ਪਾਵਨ ਤੇਰਾ ਨਾਮ ਮਸ਼ਹੂਰ ਕਮਾਲ ਹੋਇਆ॥

Digitized by Panjab Digital Library | www.panjabdigilib.org

## ਕਬਿੱਤ ॥ ਕਲਗੀ ਧਰ ਪਿਤਾ

ਆਨ ਕੇ ਜਹਾਨ ਦੀਆਂ ਪਰਾਨ ਹੂ ਕਾ ਦਾਨ ਲਿਖੂੰ ਤਿਨਾਂ ਕਾ ਬਿਆਨ ਇਸ ਹਿੰਦ ਕੋ ਬਚਾਇਆ ਜਿਨ। ਜੰਗ ਕੇ ਮੈਦਾਨ ਵੜ ਬੈਰੀਓਂ ਕੇ ਸੰਗ ਲੜ ਦੀਨ ਕੀ ਉਖਾੜੀ ਜੜ ਖਾਕ ਮੇਂ ਮਿਲਾਯਾ ਜਿਨ। ਸਿੰਘੋਂ ਕੋ ਬਨਾਇਆ ਮਹਾਂ ਅਮ੍ਰਿਤ ਪਿਲਾਇਆ ਇਕ ਇਕ ਕੋ ਲੜਾਇਆ ਸਵਾ ਲੱਖ ਕੋ ਮਰਾਇਆ ਜਿਨ। ਜਗਤ ਤੋਂ ਨਿਸਾਰ ਚਾਰੋਂ ਲਾਲ ਦੀਏ ਵਾਰ ਕੀਆ ਹਿੰਦ ਕਾ ਉਧਾਰ ਝੰਡਾ ਧਰਮ ਦਾ ਝੁਲਾਇਆ ਜਿਨ। ਪੰਥ ਤੀਸਰਾ ਚਲਾਇਆ ਅਤੇ ਭਰਮ ਕੋ ਮਿਟਾਇਆ ਔਰ ਪਾਪ ਕੋ ਹਟਾਇਆ ਰਾਹ ਸੱਚ ਦਾ ਬਤਾਇਆ ਜਿਨ। ਬੰਦਿਆਂ ਨਿਮਾਣਿਆਂ ਨੂੰ ਬਾਲਕਾਂ ਇਆਣਿਆਂ ਨੂੰ ਜਗਤ ਮੇਂ ਨਿਤਾਣਿਆਂ ਨੂੰ ਛਾਤੀ ਨਾਲ ਲਾਇਆ ਜਿਨ ॥

॥ ਦੋਹਿਰਾ ॥

ਤਾਕਾ ਕੁਝ ਵਰਨਨ ਕਰੇ ਦਸਵੇਂ ਜੋ ਅਵਤਾਰ ।
ਗੁਰੂ ਗੋਬਿੰਦ ਸਿੰਘ ਨਾਮ ਹੈ ਜਾਨਤ ਸਭ ਨਰ ਨਾਰ ॥
ਅਨੂਪ ਕੌਰ ਇਕ ਨਾਰ ਥੀ ਭਿਵਚਾਰੀ ਮਤ ਹੀਨ ।
ਕਾਮ ਕਰੋਧ ਆਤਰ ਹੂਈ ਜਿਉਂ ਮਛਲੀ ਜਲ ਲੀਨ ॥
ਧਰਮ ਵੰਤ ਸਤਗੁਰੂ ਕੋ ਪਾਪਨ ਕਾ ਹੈ ਮੇਲ ।
ਧਰਮ ਪਾਪ ਕਾ ਲਿਖਤ ਹੂ ਸਨਮੁਖ ਸਭ ਕੇ ਖੇਲ ॥

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਨੰਦ ਪੁਰ ਧਰਮ ਪ੍ਰਚਾਰ ਕਰਨਾ ਅਤੇ ਦੁਨੀਆਂ ਨੂੰ ਸੱਚੇ ਮਾਰਗ ਪਾਉਣਾ ।

ਵਿਚ ਸ਼ਹਿਰ ਅਨੰਦਪੁਰ ਗੁਰੂ ਸਚੇ ਡੇਰਾ ਆਪਣਾ ਖੂਬ ਜਮਾਏ ਬੈਠੇ। ਰਚਨਾ ਤੀਸਰਾਂ ਪੰਥ ਸ਼ਿਕਲਪ ਏਹੋ ਝੰਡਾ ਖਾਲਸੇ

Digitized by Panjab Digital Library | www.panjabdigilib.org

ਕੇਹਰ ਦਾ ਲਾਏ ਬੈਠੇ। ਜੋ ਕੋਈ ਆਂਵਦਾ ਜਾਂਵਦਾ ਦਰਸਨਾਂ ਨੂੰ ਜੋਗ ਸਮਝ ਕੇ ਭੇਟ ਚੜ੍ਹਾਏ ਬੈਠੇ। ਅਤੇ ਦਿਲੀ ਮੁਰਾਦ ਜੋ ਧਾਰ ਆਵੇ ਐਸਾ ਜੋਗ ਸੰਕਲਪ ਨੂੰ ਪਾਏ ਬੈਠੇ। ਕਰੇ ਨਿਗਾ ਥੀਂ ਕੀਮੀਆਂ ਸਤਗੁਰੂ ਜੀ ਜੇਹੜੀ ਤਰਫ ਨੂੰ ਦ੍ਰਿਸ਼ਟ ਉਠਾਏ ਬੈਠੇ। ਪੱਥਰ ਦਿਲਾਂ ਨੂੰ ਇਕ ਦਰੋਂ ਮੋਮ ਕਰਦੇ ਜੇਹੜੇ ਕ੍ਰੋਧ ਦੀ ਪੰਡ ਨੂੰ ਚਾਏ ਬੈਠੇ। ਚਿੱਤ ਸਾਫ ਅਡੋਲ ਹੋ ਤੁਰਤ ਜਾਵੇ ਜੇਹੜੇ ਭਲੇ ਦੀ ਸੰਗਤੇ ਜਾਏ ਬੈਠੇ। ਆਕੇ ਵਿਚ ਸਤਸੰਗ ਦੇ ਬਚਨ ਸਿੰਘਾ ਬੰਦਾ ਦੂਈ ਦਾ ਹਰਫ ਮਿਟਾਏ ਬੈਠੇ॥

॥ ਤਥਾ ॥

ਗੁਰੂ ਸੱਚ ਦਾ ਦੇ ਉਪਦੇਸ਼ ਸਭ ਨੂੰ ਭੂਤ ਭਰਮ ਨੂੰ ਅੰਦਰੋਂ ਕੱਢ ਦੇਂਦੇ। ਤਨੋਂ ਲਾਹ ਕੇ ਕੂੜ ਸਿਆਪਿਆਂ ਨੂੰ ਬੰਦਾ ਸਾਫ ਨਿਰਲੇਪ ਕਰ ਛਡ ਦੇਂਦੇ। ਮਜ਼ਹਬੀ ਮਾਮਲੇ ਮੇਂ ਕਰੇ ਬੈਹਸ ਜੇਹੜਾ ਕਰ ਸੱਚ ਤੇ ਝੂਠ ਨੂੰ ਅੱਡ ਦੇਂਦੇ। ਬਚਨ ਸਿੰਘ ਉਪਦੇਸ਼ ਦੀ ਕਰਦ ਲੈਕੇ ਨੱਕ ਓਸ ਚੰਡਾਲ ਦਾ ਵੱਢ ਦੇਂਦੇ॥

॥ ਕਵੀਸ਼ਰ ॥

ਸ਼ਕਤੀ ਵਾਲੜੇ ਪੁਰਖ ਨੂੰ ਦੇਖ ਅੱਖੀਂ ਖਲਕਤ ਘਤ ਦੀ ਮਗਰ ਵਹੀਰ ਯਾਰਾ। ਕਾਰਨ ਇੱਛਯਾ ਭਟਕਦੀ ਫਿਰੇ ਦੁਨੀਆਂ ਬਹੁਤ ਸੇਂਵਦੀ ਪੀਰ ਫਕੀਰ ਯਾਰਾ। ਕੋਈ ਪੁਤ ਮੰਗੇ ਕੋਈ ਲਛਮੀ ਨੂੰ ਕੋਈ ਮੰਗਦਾ ਜਾਏ ਜਗੀਰ ਯਾਰਾ। ਕੋਈ ਲੱਭਦਾ ਰੱਬ ਦੇ ਨਾਮ ਤਾਈਂ ਕੋਈ ਆਖਦਾ ਹੋਵਾਂ ਰਣਬੀਰ ਯਾਰਾ। ਜਾਕੇ ਪੂਜਦਾ ਦੁਖਦੇ ਕਾਰਨੇ ਕੋਈ ਹੋਕੇ ਜੈਹਮਤਾਂ ਨਾਲ ਜਹੀਰ ਯਾਰਾ। ਕਾਰਨ ਗਰਜ ਦੇ ਚੁੰਮਦੀ ਪੈਰ ਦੁਨੀਆਂ ਜਿਸਨੂੰ ਦੇਖ ਲੈਂਦੀ ਜ਼ਾਹਰਾ ਪੀਰ ਯਾਰਾ। ਬੰਦੇ ਨੇਕ ਸਰਬੱਤ ਨੂੰ ਗਲੇ ਲਾਉਂਦੇ ਦੇਨ

Digitized by Panjab Digital Library | www.panjabdigilib.org

ਸਬਰ ਸੰਤੋਖ ਤੇ ਧੀਰ ਯਾਰਾ। ਬਚਨ ਸਿੰਘ ਮਨ ਇੱਛਯਾ ਕਰਨ ਪੂਰਨ ਖੋਟੇ ਖਰੇ ਦਾ ਦੇਖ ਖਮੀਰ ਯਾਰਾ॥

॥ ਕਵੀ ॥

ਜੋ ਜੋ ਆਂਵਦੇ ਗੁਰੂ ਦਰਬਾਰ ਅੰਦਰ ਹੋਕੇ ਸਤਗੁਰਾਂ ਤੋਂ ਮਾਲੋ-ਮਾਲ ਜਾਂਦੇ। ਕਾਰਨ ਅੰਸ ਦੇ ਕਰਨ ਸਵਾਲ ਜੇਹੜੇ ਗੋਦੀ ਵਿਚ ਖਲਾਂਵਦੇ ਬਾਲ ਜਾਂਦੇ। ਜੇਹੜੇ ਭਾਲਦੇ ਰੋਜ ਪਿਆਰਿਆਂ ਨੂੰ ਓਥੋਂ ਲਭਕੇ ਆਪਣਾ ਲਾਲ ਜਾਂਦੇ। ਬਚਨ ਸਿੰਘ ਸਤਗੁਰਾਂ ਦੀ ਮੇਹਰ ਸੇਤੀ ਪੂਰੇ ਸਬਸ ਦੇ ਹੋਏ ਸਵਾਲ ਜਾਦੇ॥

ਦੇਸਾਂ ਵਿਚ ਕਲਗੀਧਰ ਜੀ ਦਾ ਜਸ

ਪ੍ਰਗਟ ਜੋਤ ਅਕਾਲ ਦੀ ਆਨ ਹੋਈ ਲੋਕੀ ਵਾਂਗ ਪ੍ਰਵਾਨਿਆਂ ਦੰਗ ਆਏ। ਸੰਗਤ ਚਲੀ ਚੌਫੇਰਿਓਂ ਦਰਸ਼ਨਾਂ ਨੂੰ ਇਕ ਦੂਸਰੇ ਨੂੰ ਲੈਂਦੇ ਸੰਗ ਆਏ। ਮਾਝਾ ਮਾਲਵਾ ਸਿੰਧ ਪਸ਼ੌਰ ਆਦਿਕ ਨਦੀਆਂ ਚੀਰ ਝਨਾਉ ਥੀਂ ਨੰਗ ਆਏ। ਘੱਤੀ ਵੱਲ ਵਹੀਰ ਅਨੰਦ ਪੁਰ ਦੇ ਸਾਵਣ ਘਟਾਂ ਦੇ ਵਾਂਗ ਨਸ਼ੰਗ ਆਏ। ਸ਼ਕਤੀ ਗੁਰਾਂ ਦੀ ਥੀਂ ਦਿਲ ਮੋਮ ਹੋਏ ਹਿਰਦੇ ਅਤੀ ਕਠੋਰ ਜੋ ਸੰਗ ਆਏ। ਰਿਦੇ ਸਿੱਕ ਦੀਦਾਰ ਸੀ ਸਜਣਾ ਦੀ ਬਾਝ ਦੇਖਿਆਂ ਦੇ ਦਿਲ ਤੰਗ ਆਏ। ਸੱਚੀ ਜਿਨਾਂ ਵਿਚਾਰ ਵਿਚਾਰ ਲੀਤੀ ਚੋਲਾ ਇਸ ਸਰੀਰ ਦਾ ਰੰਗ ਆਏ। ਮਾਨੋਂ ਸਭ ਪਲੀਤੀਆਂ ਦੂਰ ਹੋਈਆਂ ਜੇਹੜੇ ਪੀਆ ਦੀ ਧਾਰ ਉਮੰਗ ਆਏ। ਕੂੜੇ ਨਸ਼ੇ ਜਹਾਨ ਦੇ ਡੋਲ ਹਥੋਂ ਸੱਚੀ ਪੀਣ ਪਰੇਮ ਦੀ ਭੰਗ ਆਏ। ਯਾਰਾ ਇਸ ਸਰੀਰ ਦੇ ਸਾਧਣੇ ਨੂੰ ਵਿਚ ਟੁਬੀਆਂ ਮਾਰਨੇ ਗੰਗ ਆਏ। ਚੜ੍ਹੀਆ ਆਣਖੁਮਾਰੀਆਂ ਦਰਸ਼ ਦੀਆਂ ਸ਼ਾਂਤੀ ਸਤਗੁਰਾਂ ਦੀ ਅੰਗ ਅੰਗ ਆਏ। ਚੌਦਾਂ ਤਬਕ ਦੀ ਸੰਪਦਾ ਹੋਈ ਹਾਸਲ ਬਚਨ ਸਿੰਘ ਜੋ ਘਰਾਂ ਥੀਂ ਨੰਗ ਆਏ॥

Digitized by Panjab Digital Library | www.panjabdigilib.org

॥ ਹਾਲਤ ਲਾਹੌਰ ॥

ਇਕ ਸ਼ਹਿਰ ਅਕਲੀਮ ਪੰਜਾਬ ਅੰਦਰ ਉੱਗਾ ਨਾਮ ਮਸ਼ਹੂਰ ਲਾਹੌਰ ਆਹਾ। ਹਿੰਦੂ ਜਾਤ ਕਮਜ਼ੋਰ ਉਸ ਗਾਂਮ ਅੰਦਰ ਸਖਤ ਮੋਮਨਾ ਦਾ ਭਾਰੀ ਜ਼ੋਰ ਆਹਾ। ਹਰਦਮ ਪਾਪ ਅਪਰਾਧ ਬੇਹੱਦ ਹੋਵੇ ਧਰਤੀ ਕੰਬ ਉਠੀ ਅੰਧ ਘੋਰ ਆਹਾ। ਬੱਚੇ ਹਿੰਦੂਆਂ ਦੇ ਕਤਲੌਣ ਪਾਪੀ ਫਿਰਿਆ ਆਨ ਜਹਾਨ ਦਾ ਦੌਰ ਆਹਾ। ਹੱਕ ਸੱਚ ਤੇ ਰਿਹਾ ਨਾਂ ਕਾਇਮ ਕੋਈ ਸਾਧ ਲੱਭਦਾ ਨਹੀਂ ਸਭੇ ਚੋਰ ਆਹਾ। ਲੋਕੀ ਦੁਖ ਅਜਾਰ ਤੋਂ ਰੋ ਰਹੇ ਨੇ ਸਹੇ ਸਖਤੀਆਂ ਰੂਹ ਦਾ ਭੌਰ ਆਹਾ। ਹੋਇਆ ਧਰਮ ਭ੍ਰਸ਼ਟ ਲਾਹੌਰ ਅੰਦਰ ਦਮਕੇ ਦੀਨ ਇਸਲਾਮ ਦਾ ਜੌਹਰ ਆਹਾ। ਡੱਕੇ ਕੋਈ ਤਲਵਾਰ ਨਾ ਦੁਸ਼ਮਨਾਂ ਦੀ ਸਾਰਾ ਹਿੰਦੁਸਤਾਨ ਕਮਜ਼ੋਰ ਆਹਾ। ਭੈਂਸ ਬੱਕਰੀ ਨੂੰ ਪਕੜ ਮਾਰ ਖਾਂਦੇ ਕੀੜਾ ਜਾਨਵਰ ਦੋਖੀ ਜਨੌਰ ਆਹਾ। ਹਾਹਾਕਾਰ ਹੋਇਆ ਵਿਚ ਰਾਜਧਾਨੀ ਡਾਢਾ ਨਾਂਲ ਅਜ਼ਾਬ ਦੇ ਸ਼ੋਰ ਆਹਾ। ਓਸ ਸ਼ਹਿਰ ਅੰਦਰ ਘਰ ਹਿੰਦੂਆਂ ਦਾ ਸਖਤ ਮੋਮਨਾਂ ਦਾ ਓਥੇ ਜੋਰ ਆਹਾ। ਬਚਨ ਸਿੰਘ ਉਸ ਗ੍ਰੈਹ ਮੇਂ ਇਕ ਲੜਕੀ ਨਾਮ ਓਸਦਾ ਜੋ ਅਨੂਪ ਕੌਰ ਆਹਾ ॥

॥ ਸ਼ੋਭਾ ਅਨੂਪ ਕੌਰ ॥

ਕੋਮਲ ਬਦਨ ਅਤਜੰਤ ਸੁੰਦਰ ਪੁਤਲੀ ਘੜੀ ਉਸਤਾਦ ਨੇ ਕਾਮ ਦੀ ਜਿਉਂ। ਮਸਤ ਅੰਗ ਅਨੰਗ ਮੇਂ ਲੀਨ ਹੋਈ ਅੱਖੀਂ ਤਾਰ ਸ਼ਰਾਬ ਦੇ ਜਾਂਮ ਦੀ ਜਿਉਂ। ਹੁਸਨ ਜੋਬਨ ਅਕਬਾਲ ਦਾ ਤੇਜ ਐਸਾ ਲਾਲੀ ਸੰਤ ਨੂੰ ਮੁਖ ਤੇ ਨਾਮ ਦੀ ਜਿਉਂ। ਤਿਰਛੀ ਨਿਗਾ ਥੀਂ ਕਰੇ ਗੁਲਾਮ ਸਭ ਨੂੰ ਸ਼ਕਤੀ ਪੇਟ ਮੇਂ ਭਰੀ ਕਲਾਮ ਦੀ ਜਿਉਂ। ਸੀਤਲ ਬੋਲ ਜਬਾਨ ਥੀਂ ਫੁਲ ਝੜਦੇ ਸ਼ਰਦ ਪੌਣ ਚਲੇ ਸ਼ੁਭਾ ਸ਼ਾਮ ਦੀ ਜਿਉਂ। ਧਨੋਂ ਬਾਦਸ਼ਾਹਾਂ ਮਨੋਂ ਬੇਖੁਦੀ ਵਾਲੀ ਰਸਮ ਮੁਢ ਥੀਂ

Digitized by Panjab Digital Library | www.panjabdigilib.org

ਨਫਰ ਗੁਲਾਮ ਦੀ ਜਿਉਂ। ਵਿਚ ਸੰਗਲਾਦੀਪ ਨਾ ਪਾਸ ਇੰਦਰ ਮੂਰਤ ਦਿਸਦੀ ਰੱਬ ਦੇ ਧਾਮ ਦੀ ਜਿਉਂ। ਖਬਰੇ ਕਿਧਰੋਂ ਉਤਰੀ ਅਧਿਕ ਸੂਰਤ ਤਿੱਖੇ ਨੈਕਸ਼ ਮੂਰਤ ਕ੍ਰਿਸ਼ਨ ਰਾਮ ਦੀ ਜਿਉਂ। ਆਲਮ ਤੜਫਦਾ ਸੀ ਉਸਦੇ ਦੇਖਣੇ ਨੂੰ ਲੋੜ ਕੰਗਲੇ ਨੂੰ ਰੈਂਹਦੀ ਦਾਮ ਦੀ ਜਿਉਂ। ਮਾਨੋਂ ਭੁਖਿਆਂ ਨੂੰ ਅੱਚਨਚੇਤ ਜੈਸੇ ਥਾਲੀ ਨਜ਼ਰ ਆ ਪਵੇ ਤੁਆਮ ਦੀ ਜਿਉਂ। ਮਾਰਗ ਸੱਚੜੇ ਵਲ ਖਿਆਲ ਕਰਦੀ ਕਦੀ ਜਾਪਦੀ ਬਿੰਦ ਹਰਾਮ ਦੀ ਜਿਉਂ। ਬਚਨ ਸਿੰਘ ਦੀਵਾਨੜੀ ਹੋਈ ਬੌਰੀ ਕੰਨੀ ਪਈ ਅਵਾਜ ਇਲਹਾਮ ਦੀ ਜਿਉਂ॥

॥ ਕਵੀ ॥

ਪੂਰੀ ਨੌਜਵਾਨੀ ਦੀ ਡਲਕ ਅੰਦਰ ਐਸ਼ ਅਸ਼ਰਤਾਂ ਚਿੱਤ ਨੂੰ ਭਾਉਂਦੀਆਂ ਨੇ। ਲੱਖਾਂ ਔਰਤਾਂ ਕਾਮ ਦੇ ਵਸ ਹੋਕੇ ਗੈਰ ਪੁਰਸ਼ ਥੀਂ ਅੱਖੀਆਂ ਲਾਉਂਦੀਆਂ ਨੇ। ਹੱਕ ਸੱਚ ਦਾ ਰਾਹ ਨਾ ਨਜ਼ਰ ਆਵੇ ਬਦਬੈਲੀਆਂ ਜਦੋਂ ਸਤਾਉਂਦੀਆਂ ਨੇ। ਕਾਮ ਚੇਸ਼ਟਾ ਬੁਰੀ ਬਲਾ ਯਾਰੋ ਵੇਦ ਪੋਥੀਆਂ ਹਾਲ ਸੁਨਾਉਂਦੀਆਂਨੇ। ਇਹ ਔਰਤਾਂ ਪੁਤਲੀਆਂ ਕਾਮ ਦੀਆਂ ਟਿੱਕਾ ਤੁਰਤ ਕਲੰਕ ਦਾਲਾਉਂਦੀਆਂ ਨੇ। ਬਚਨ ਸਿੰਘ ਕੁਸੰਗਤਾ ਬੰਦਿਆਂ ਨੂੰ ਨਾਲ ਖਾਕ ਦੇ ਬੁਰਾ ਮਿਲਾਉਂਰੀਆਂ ਨੇ॥

॥ ਕਵੀਓ ਵਾਚ ॥

ਔਰਤ ਹੋਵੇ ਜਵਾਨ ਜਾਂ ਮਰਦ ਭਾਵੇ ਭਰੀ ਉਮਰ ਮੇਂ ਵਿਸ਼ੇ ਦੀ ਲੈ ਹੋਵੇ। ਕਾਮ ਪਕੜ ਕੇ ਪੈਰ ਹਿਲਾ ਦੇਂਦਾਂ ਵਾਰ ਏਸਦਾ ਕਦੀ ਨਾ ਸੈਹ ਹੋਵੇ। ਘਰੀਂ ਕੰਜਰਾਂ ਮਰਦ ਖੁਆਰ ਹੁੰਦੇ ਇਸਥਿਤ ਔਰਤਾਂ ਕੋਲੋਂ ਨਾ ਬੈਹ ਹੋਵੇ। ਕੇਹੜਾ ਆਖਦਾਂ ਕਰਾਂ ਬਹਾਰ ਨਾਹੀਂ ਹਰ ਇਕ ਵਰਤਣੇ ਨੂੰ ਪਾਸ ਸ਼ੈ ਹੋਵੇ। ਜਿਚਰ ਚਿੱਤ ਬਦ ਬਖਤ ਨੂੰ ਮਾਰੀਏ ਨਾਂ ਮੁਸ਼ਕਲ ਇਸ ਹਰਾਮੀ ਤੋਂ ਰੈਹ ਹੋਵੇ। ਫੁਰਨੇ ਕਾਮ ਕੰਬਖਤ ਦੇ ਰੈਹਣ ਫੁਰਦੇ ਜੇਕਰ ਰਿਦੇ ਨਾਂ ਮੌਤ ਦਾ ਭੈ ਹੋਵੇ।

Digitized by Panjab Digital Library | www.panjabdigilib.org

ਐਪਰ ਫੇਰ ਵੀ ਫੜੇ ਪਨ੍ਹਾ ਇਸਤੋਂ ਪਾਪੀ ਆਖਦਾ ਮੈਂਡੜੀ ਜੈ ਹੋਵੇ। ਲੱਤਾਂ ਮਾਰਦਾ ਭਜਨ ਅਭਜਾਸ ਅੰਦਰ ਜਤੀ ਪੁਰਸ਼ ਤੇ ਕਾਮ ਦੀ ਖੈ ਹੋਵੇ। ਰਿਖੀ ਮੁਨੀ ਸੁਰ ਨਰ ਗੁਨੀ ਹੱਥ ਜੋੜਨ ਕੈਂਹਦੇ ਏਸ ਚੰਡਾਲ ਦਾ ਖੈ ਹੋਵੇ। ਬਚਨ ਸਿੰਘ ਇਸ ਕਾਮ ਕਠੋਰ ਦਾ ਜੀ ਪੂਰਾ ਹਾਲ ਨਾ ਕਿਸੇ ਤੋਂ ਕੈਹ ਹੋਵੇ ॥

॥ ਤਥਾ ॥

ਕਰਨੀ ਵਾਲੜੇ ਪੁਰਸ਼ ਸਮਰੱਥ ਹੁੰਦੇ ਹੱਥ ਏਸਦਾ ਕਦੀ ਨਹੀਂ ਪੈਣ ਦੇਂਦੇ। ਸੋਟਾ ਪਕੜ ਗਿਆਨ ਵਿਚਾਰ ਵਾਲਾ ਹਟਕ ਦੇਣ ਨਾਂ ਸਾਹਮਣੇ ਬੈਹਣ ਦੇਂਦੇ। ਘੁਲੇ ਨਾਲ ਜੇ ਆਪਣੀ ਸੱਤਿਆ ਦੇ ਨਾਹੀਂ ਬੁੱਧ ਵਿਚਾਰ ਥੀਂ ਢੈਣ ਦੇਂਦੇ। ਬਚਨ ਸਿੰਘ ਮਨ ਇੰਦਰੇ ਵੱਸ ਕਰਕੇ ਨਹੀਂ ਗੰਦੀਆਂ ਵੈਹਣੀਆਂ ਵੈਹਣ ਦੇਂਦੇ ॥

## ਅਨੂਪ ਕੌਰ ਨੇ ਸਤਗੁਰਾਂ ਦੇ ਦਰਸ਼ਨ ਦੀ ਵਿਚਾਰ ਕਰਨੀ

ਸ਼ੋਭਾ ਗੁਰੂ ਦੀ ਸੁਣੀ ਮਹਾਂਨ ਕੰਨੀ ਦਰਸ਼ਨ ਕਰਨ ਨੂੰ ਜੀਵੜਾ ਲੋਚਿਆਏ। ਕਰਾਂ ਜਾਏ ਦੀਦਾਰ ਅਨੰਦ ਪੁਰ ਮੈਂ ਅਨੂਪ ਕੌਰ ਨੇ ਰਿਦੇ ਮੇਂ ਸੋਚਿਆਏ। ਕੈਸਾ ਵਲੀ ਸੂਰਾ ਮਹਾਂਬੀਰ ਸਤਗੁਰ ਲੋਕੀ ਆਖਦੇ ਰੱਬ ਨੂੰ ਪਹੁੰਚਿਆਏ। ਹਰ ਹਰ ਤਰਾਂ ਦੀ ਦਸਦੇ ਸ਼ੋਕਤ ਉਸਮੇਂ ਫੋਕਾ ਹੱਡ ਨਾ ਮਾਸ ਨੂੰ ਪੋਚਿਆਏ। ਆਂਦਾ ਓਸ ਦਰਵਾਜਿਓਂ ਖੈਰ ਜਿਨ੍ਹਾਂ ਦਰ ਦਰ ਫਿਰੇ ਨਾਂ ਟੁੱਕ ਨ ਬੋਚਿਆਏ। ਛਡ ਹਿਰਸ ਜਹਾਨ ਦੀ ਬੈਠ ਗਏ ਨੇ ਮਨ ਆਪਣਾ ਪਕੜ ਸੰਕੋਚਿਆਏ। ਲੱਖਾਂ ਬੰਦਿਆਂ ਦੇ ਕਸ਼ਟ ਨਸ਼ਟ ਕੀਤੇ ਦੱਸਣ ਦੁਖ ਤੇ ਕਿਲਵਿਖਾਂ ਨੋਚਿਆਏ। ਓਹਦਾ ਦਰਸ਼ ਕੀਤੇ ਪੁਰਸ਼ ਨਾਮ ਧਾਗੇ ਮੋਤੀ ਸੱਚ ਦੇ ਵਾਂਗ ਪਰੋਚਿਆਂਏ ॥

Digitized by Panjab Digital Library | www.panjabdigilib.org

॥ ਕਵੀਸ਼ਰ ॥

ਜਿਹਨੂੰ ਹੁਲ ਪਰੇਮ ਦੀ ਉਠਦੀਏ ਪਿਆ ਜਾਨ ਤੇ ਦੁਖੜੇ ਜਾਲਦਾਇ। ਸਿਰਫ ਓਸ ਪਿਆਰੇ ਦੇ ਮਿਲਨ ਕਾਰਨ ਕਈ ਭੇਖ ਸਰੀਰ ਤੇ ਢਾਲਦਾਏ। ਨਾਹੀਂ ਨੰਗ ਨਮੂਜ ਦੀ ਸ਼ਰਮ ਕੋਈ ਤਮਾਂ ਛਡਦਾ ਮੁਲਕ ਤੇ ਮਾਲਦਾਇ। ਸਿੱਧਾ ਜਾਏ ਮਾਬੂਬ ਦੀ ਝਲਕ ਉਤੇ ਜਿੰਦ ਵਾਂਗ ਪਤੰਗ ਦੇ ਜਾਲਦਾਏ। ਸੋਹਣੇ ਹੋਰ ਜਹਾਨ ਤੇ ਕਈ ਲੱਖਾਂ ਡਿੱਠਾ ਹੋਰ ਨਾ ਆਪਣੇ ਨਾਲਦਾਏ। ਦੇਖ ਬੁਕ ਦਾ ਪਰੀ ਦੀ ਸ਼ਾਨ ਉਤੇ ਗੈਹਰੀ ਅੱਖ ਨਾ ਉਤਾ ਉਠਾਲਦਾਏ। ਮਰਜੀ ਦਿਲਾਂ ਦੀ ਨਾਲ ਪ੍ਰਸੰਨ ਰੈਂਹਦਾ ਚਿੰਨ੍ਹ ਦੇਖ ਰੁਖਸਾਰ ਦੇ ਖਾਲਦਾ ਏ। ਓਧਰ ਕੀ ਪਰਵਾਹ ਹੈ ਸੋਹਣਿਆਂ ਨੂੰ ਦਾਵਾ ਤਿਨਾਂ ਨੂੰ ਹੁਸਨ ਜਮਾਲਦਾਇ। ਐਪਰ ਹੋਵੇ ਮੁਰਾਦਬਰ ਹੱਕ ਹਾਸਲ ਜੇਹੜਾ ਆਪਣੀ ਵਸਤ ਨੂੰ ਭਾਲਦਾਏ। ਬਚਨ ਸਿੰਘ ਹੈਦਿਲਾਂ ਦੀ ਰਾਹ ਦਿਲ ਨੂੰ ਫਲ ਆਪਣੇ ਮਿਲੇ ਖਿਆਲਦਾਏ॥

## ਅਨੂਪ ਕੌਰ ਦਾ ਗੁਰੂ ਦੇ ਦਰਸ਼ਨ ਕੋ ਜਾਨਾ

ਭਾਈ ਆਪਣੇ ਨੂੰ ਲੈ ਅਨੂਪ ਕੌਰਾਂ ਅਨਕ ਤਰਾਂ ਦੇ ਲਾਇਕੇ ਭੇਸ ਚੱਲੀ। ਕਾਲੇ ਨੈਨ ਚਲਾਉਂਦੀਆ ਤੀਰ ਪਲਕਾਂ ਗਲੇ ਵਿਚ ਸਵਾਰ ਕੇ ਕੇਸ ਚੱਲੀ। ਪੈਹਨ ਅੰਗੀਆਂ ਓੜ ਦੁਸ਼ਾਲੜੇ ਨੂੰ ਮਸਤ ਢਾਲਕੇ ਬਦਨ ਤੇ ਭੇਸ ਚੱਲੀ। ਚੰਚਲ ਚਿੱਤ ਸ਼ੈਤਾਨ ਦੀ ਸ਼ਕਲ ਜੈਸੇ ਹੋਕੇ ਕਾਮ ਦੇ ਵਿਚ ਪ੍ਰਵੇਸ ਚੱਲੀ। ਕੀਤੀ ਤਾਬ ਮੈਤਾਬ ਦੀ ਭੰਗ ਯਾਰਾ ਕਿਰਨਾਂ ਮਾਰਦੀ ਵਾਂਗ ਦਨੇਸ਼ ਚੱਲੀ। ਫੁਰਨੇ ਚਿੱਤ ਦੇ ਵਿਚ ਅਨੇਕ ਫੁਰਦੇ ਕਰਕੇ ਵਾਸ਼ਨਾਂ ਦਿਲੋਂ ਵਿਸ਼ੇਸ਼ ਚੱਲੀ। ਘਰੋਂ ਪੈਹਨਕੇ ਤੁਰੀ ਹਥਿਆਰ ਪੰਜੇ ਮਾਰਨ ਰਾਮ ਦੇ ਵਾਂਗ ਲੰਕੇਸ਼ ਚੱਲੀ। ਸੰਗ ਵਿਸ਼ੇ ਵਿਕਾਰ ਦੀ ਫੌਜ ਲੈਕੇ ਜੰਗ ਜਿੱਤਣੇ ਵਾਂਗ

Digitized by Panjab Digital Library | www.panjabdigilib.org

ਨਰੇਸ਼ ਚੱਲੀ। ਕਾਲਾ ਘੋਲਕੇ ਪਿਛਲਿਆਂ ਲਾਉਣ ਲੱਗੀ ਊੱਘੀ ਹੋਣ ਨੂੰ ਦੇਸ ਬਦੇਸ ਚੱਲੀ। ਬਚਨ ਸਿੰਘ ਨਾਂ ਸਮਝ ਦੀ ਮੂਲ ਦੁਨੀਆਂ ਚਾੜ੍ਹਨ ਸੀਸ ਤੇ ਬੋਝ ਕਲੇਸ ਚੱਲੀ॥

ਅਨੂਪ ਕੌਰ ਨੇ ਯਥਾਯੋਗ ਭੇਟਾ ਚੜ੍ਹਾਉਣੀ
ਅਤੇਕਲਗੀਧਰ ਜੀ ਤੇ ਮੋਹਤ ਹੋਣਾ

॥ ਬੈਂਤ ॥

ਮੰਜਲੋਂ ਮੰਜਲੀ ਪਹੁੰਚ ਅਨੰਦ ਪੁਰ ਮੈਂ ਭੇਟਾ ਸਤਗੁਰੂ ਦੇ ਅਗੇ ਰੱਖ ਬੈਠੀ। ਸੋਹਣੇ ਸੂਰਮੇਂ ਗੁਰੂ ਮਹਾਬਲੀ ਜੀ ਤੇ ਮੈਲੀ ਆਪਣੀ ਧਾਰ ਕੇ ਅੱਖ ਬੈਠੀ। ਬੁਲ ਬੁਲ ਵਾਗਰਾਂ ਗੁੱਲ ਤੇ ਮਸਤ ਹੋਈ ਦੂਰੋਂ ਨਜ਼ਰ ਆਵੇ ਐਵੇਂ ਵੱਖ ਬੈਠੀ। ਤਿਰਛੀ ਨਿਗਾ ਬਨਾਇ ਕੇ ਨਾਜ ਸੋਹਣੇ ਨਾਲੇ ਆਪਣਾ ਦਸਣੇ ਦੱਖ ਬੈਠੀ। ਆਪ ਹੋਈ ਕੁਰਬਾਨ ਨਾ ਕੋਈ ਪੁਛੇ ਹੱਕੇ ਵਾਂਗ ਜੁਲੈਖਾਂ ਦੇ ਰੱਖ ਬੈਠੀ। ਵੇਹੜੇ ਵੜੇ ਤੇ ਸੋਹਲੀਆ ਜੂਤ ਪੈਂਦਾ ਦਿਲੋਂ ਕਾਲਕਾ ਬਾਲਕਾ ਭੱਖਬੈਠੀ। ਕਾਰਣ ਭਿਛਿਆ ਘਰੀਂ ਧਨਪਾਤਰੀ ਦੇ ਕਾਸਾ ਪਕੜ ਜਗਾਇ ਅਲੱਖ ਬੈਠੀ। ਇਕੇ ਵਾਂਗ ਜਗਯਾਸੂਆਂ ਮੋਨ ਧਰਕੇ ਅੰਮ੍ਰਤ ਰਬਦੇ ਘਰਾਂ ਦਾ ਲੱਖ ਬੈਠੀ। ਕਲੂ ਕਾਲਦੇ ਵਾਂਗ ਗਿਆਨੀਆਂ ਦੇ ਸਵੇਂ ਰਬਨੂੰ ਕਰ ਪ੍ਰਤਖ ਬੈਠੀ। ਰਬ ਬਾਝ ਅਬਾਦਤਾਂ ਯਾਰ ਨਾਂਹੀਂ ਦੁਨੀਆਂ ਲੱਭਦੀ ਪੁਰਖ ਅਲੱਖ ਬੈਠੀ। ਸਰੂਪਨਖਾਂ ਆ ਰਾਮ ਦੇ ਮਗਰ ਲਗੀ ਆਖਰਕਾਰ ਵਢਾਏਕੇ ਨੱਕ ਬੈਠੀ। ਲਿਆ ਆਪਣਾਂ ਰੋੜ ਸਰ ਬੰਸ ਯਾਰਾ ਮਜਾ ਵਸਲ ਦੇ ਜਾਮ ਦਾ ਚੱਖ ਬੈਠੀ। ਜੇਹੜੀ ਧਰਮ ਈਮਾਨ ਦੀ ਪਾਸ ਦੌਲਤ ਹਥੋਂ ਰੋੜ੍ਹਕੇ ਔਤਰੀ ਲੱਖ ਬੈਠੀ। ਬਚਨ ਸਿੰਘ ਨਾ ਪਾਪ ਤੋਂ ਡਰੇ ਦੁਨੀਆਂ ਸਿਕ ਚੰਦਰੀ ਚੀਜ਼ ਦੀ ਰੱਖ ਬੈਠੀ॥

Digitized by Panjab Digital Library | www.panjabdigilib.org

॥ ਕਵੀਓ ਵਾਚ ॥

ਭਰੀ ਵਿਚ ਜਵਾਨੀ ਦੇ ਹੋਏ ਔਰਤ ਅਤੇ ਰਿਦੇ ਨਾ ਕਿਸੇ ਦਾ ਡਰ ਹੋਵੇ। ਭੂਖਨ ਬਸਤਰਾਂ ਹੋਰ ਪਦਾਰਥਾਂ ਦੀ ਕਿਸੇ ਤਰਾਂ ਦੀ ਲੋੜ ਨਾ ਘਰ ਹੋਵੇ। ਖਾਕੇ ਦੁਧ ਮਲਾਈਆਂ ਭੋਜਨਾਂ ਨੂੰ ਮੁਸ਼ਕਲ ਕਾਮ ਦੇ ਵੇਗ ਨੂੰ ਜਰ ਹੇਵੇ। ਹਰਦਮ ਵਿਸ਼ੇ ਵਿਕਾਰ ਦੀ ਸਿੱਕ ਅੰਦਰ ਔਖਾ ਕਾਜ ਤੇ ਕੰਮ ਨੂੰ ਕਰ ਹੋਵੇ। ਅੱਖੀਂ ਦੇਖਕੇ ਮਰਦ ਬਲਵਾਨ ਸੋਹਣਾ ਦਿਲੋਂ ਆਖਦੀ ਮੈਂਡੜਾ ਵਰ ਹੋਵੇ। ਬਚਨ ਸਿੰਘ ਪਰ ਨਹੀਂ ਪਰਵਾਹ ਉਸਨੂੰ ਜੇਹੜਾ ਜਤੀ ਲੰਗੋਟ ਦਾ ਨਰ ਹੋਵੇ ॥

॥ ਕਵੀ ॥

ਜਤੀ ਓਸਨੂੰ ਸਮਝਣਾ ਚਿੱਤ ਅੰਦਰ ਨਾਰੀ ਇਕ ਤੇ ਜੀਹਦੀ ਦਲੀਲ ਹੋਵੇ। ਚਲੇ ਸੁਪਨ ਦੇ ਵਿਚ ਨਾ ਬੀਜ ਕਿਧਰੇ ਵਿੱਤੀ ਸਬਰ ਸੰਤੋਖ ਤਾਮੀਲ ਹੋਵੇ। ਮੂਰਖ ਪਾਜੀਆਂ ਕਾਮ ਨੂੰ ਰੋਕਣਾ ਕੀ ਜਿਨ੍ਹਾਂ ਵਿਚ ਸੰਤੋਖ ਨਾ ਸੀਲ ਹੋਵੇ। ਬਾਝ ਕੁਦਰਤੀ ਮੈਹਕਮੇਂ ਪੜ੍ਹੇ ਮੰਤਰ ਭੂਤ ਕਾਮ ਨੂੰ ਕਦੀ ਨਾ ਕੀਲ ਹੋਵੇ। ਐਪਰ ਬੈਹਰ ਹਕੀਕੀ ਦੇ ਤਰਨ ਮੁਸ਼ਕਲ ਜਾਨ ਨਹੀਂ ਇਨਸਾਨ ਤੋਂ ਹੀਲ ਹੋਵੇ । ਬਚਨ ਸਿੰਘ ਪਰ ਜਤੀ ਨਾ ਡੋਲਦਾਏ ਲੱਤਾਂ ਮਾਰਦਾ ਲੱਖ ਬਖੀਲ ਹੋਵੇ॥

॥ ਕਵੀਸ਼ਰ ॥

ਮੈਲੀ ਅੱਖ ਨਾ ਪੁੱਟਕੇ ਦੇਖ ਦੇ ਨੇ ਜਿਨਾਂ ਹੱਕ ਹਰਾਮ ਪ ਛਾਣਿਆਏ। ਮਾਤਾ ਭੈਣ ਜਹਾਨ ਦੀ ਇਸਤ੍ਰੀ ਨੂੰ ਵਿਚ ਆਪਣੇ ਚਿੱਤ ਦੇ ਜਾਣਿਆਏ। ਜਿਨ੍ਹਾਂ ਪਾਪੀਆਂ ਪਾਪ ਨੂੰ ਪੁੰਨ ਜਾਤਾ ਨਹੀਂ ਮੰਨਿਆ ਰੱਬ ਦੇ ਭਾਣਿਆਏ। ਜਰਾ ਨਾਲ ਵਿਚਾਰ ਦੇ ਸੋਚ ਲਈਏ ਨਹੀਂ ਉੱਗਣਾ ਭੁੰਨਿਆਂ ਦਾਣਿਆਏ। ਅੰਤ ਹੱਕ ਹਰਾਮ ਦੀ ਪਰਖ ਹੁੰਦੀ ਨੱਠ ਜਾਂਵਣਾ ਬੰਦਿਆਂ ਕਾਣਿਆਏ। ਬਚਨ ਸਿੰਘ ਵਿਕਾਰ ਥੀਂ ਪਰਤ ਜਾਈਏ ਜਾਲ ਕਾਮ ਕਲੰਕ ਨੇ ਤਾਣਿਆਏ ॥

Digitized by Panjab Digital Library | www.panjabdigilib.org

॥ ਕਵੀਸ਼ਰ ॥

ਪਿਆ ਕਾਮ ਕਰਖਤ ਦਾ ਭਾਰ ਸਿਰਤੇ ਅਨੂਪ ਕੌਰ ਦੀ ਬੁੱਧ ਮਲੀਨ ਹੋ ਗਈ। ਖਲਕਤ ਵਿਸ਼ੇ ਵਿਕਾਰ ਦੇ ਟੂਣਿਆਂ ਥੀਂ ਪੁਤਲੇ ਖਾਕ ਦੇ ਤਕਅਦੀਨ ਹੋ ਗਈ। ਫੁਰਿਆ ਇਸ਼ਟ ਫਿਰਾਕ ਦੇ ਮਾਂਦਰੀ ਦਾ ਮਸਤ ਦੇਖਕੇ ਸਰਪਣੀ ਬੀਨ ਹੋ ਗਈ। ਮਾਨੋਂ ਧਰਮ ਦੀ ਮੂਰਤੀ ਸੰਤ ਜੈਸੇ ਵਿਚ ਭਜਨ ਭਗਵੰਤ ਦੇ ਲੀਨ ਹੋ ਗਈ। ਦੁਨੀਆਂ ਭੁੱਲ ਗਈ ਨਾਮ ਪ੍ਰਮਾਤਮਾਂ ਦਾ ਪਿਛੇ ਲੱਗ ਮੁਰਦਾਰ ਦੇ ਖੀਨ ਹੋ ਗਈ। ਬੁੱਢੇ ਹੁੰਦਿਆਂ ਤਕ ਨਾ ਸਬਰ ਆਵੇ ਤਾਕਤ ਤਨੋਂ ਸਰੀਰ ਦੀ ਛੀਨ ਹੋਗਈ। ਕੰਨੀ ਅੱਡ ਅਨੂਪ ਦੁਆ ਕੀਤੀ ਵਸਲ ਭਿਛਿਆ ਹੇਤ ਮਸਕੀਨ ਹੋਗਈ। ਬਚਨ ਸ਼ਿੰਘ ਪਿਆਰੇ ਦੀ ਯਾਦ ਅੰਦਰ ਗਿੱਲੀ ਹੰਝੂਆਂ ਨਾਲ ਜ਼ਮੀਨ ਹੋਗਈ॥

॥ ਕਵੀ ॥

ਇਹੋ ਰਸਮ ਕਦੀਮ ਤੋਂ ਆਸ਼ਕਾਂ ਦੀ ਮੰਨਣ ਯਾਰ ਨੂੰ ਹੱਕ ਤਕੀਕ ਕਰਕੇ। ਬਾਦ ਫੇਰ ਪਿਆਰ ਵਧਾਂਵਦੇ ਨੇ ਚਿੱਤ ਆਪਣੇ ਵਿਚ ਤਸਦੀਕ ਕਰਕੇ। ਦੋਨੋਂ ਤ੍ਰਫ ਹੈ ਆਸ਼ਕਾਂ ਮਰਜ ਏਹੋ ਦੇਖ ਲਵੇ ਮਜਾਜ ਹਕੀਕ ਕਰਕੇ। ਜਾਨ ਵੇਚ ਕੇ ਯਾਰ ਦੀ ਕਦਰ ਪੈਂਦੀ ਅਤੇ ਆਪਣੇ ਆਪ ਨੂੰ ਲੀਕ ਕਰਕੇ। ਕਾਇਆਂ ਕੋਠੜੀ ਵਿਚ ਚਰਾਗ ਧਰਿਆ ਬੱਤੀ ਦੇਖ ਲਓ ਜਰਾ ਵਸੀਕ ਕਰਕੇ। ਬਚਨ ਸਿੰਘ ਸਰਕਾਰ ਨੂੰ ਦੇਖ ਅੱਖੀਂ ਨਿਗਾ ਆਪਣੀ ਜਰਾ ਬਰੀਕ ਕਰਕੇ॥

ਅਨੂਪ ਕੌਰ ਨੇ ਸਤਗੁਰੂ ਦੇ ਮਿਲਨੇ ਦਾ ਵਿਚਾਰ ਕਰਨਾ

ਅਨੂਪ ਕੌਰ ਨੇ ਰਿਦੇ ਵਿਚਾਰ ਕੀਤੀ ਐਸਾ ਰੱਬਦਾ ਆਣਕੇ ਖੇਲ ਹੋਵੇ। ਖੋਲਾਂ ਬੈਠ ਕੇ ਦਿਲਾਂ ਦੇ ਤਾਲਿਆਂ ਨੂੰ ਜੇਕਰ ਜ਼ਗਾ ਅਟੰਕ ਮੇਂ ਮੇਲ ਹੋਵੇ। ਸ਼ੇਰਾਂ ਘਾਸ ਨਾ ਬਾਜ ਨੇ ਚੋਗ ਚੁਗਣੀ ਬਬਰ ਕੇਹਰ

Digitized by Panjab Digital Library | www.panjabdigilib.org

ਨਾ ਨੱਕ ਨਕੇਲ ਹੋਵੇ। ਨਹੀਂ ਹੱਲਣਾ ਕਦੀ ਸਮੇਰ ਪਰਬਤ ਅਤੇ ਪੱਥਰਾਂ ਵਿਚ ਨਾ ਤੇਲ ਹੋਵੇ। ਜੂਤ ਕਾਮ ਦੇ ਕੁੱਤਿਆਂ ਰੋਜ਼ ਪੈਂਦੇ ਸ਼ਕਤੀਵਾਨ ਦੀ ਨਹੀਂ ਦਲੇਲ ਹੋਵੇ। ਐਬੀ ਦੁਖੀ ਬਦਮਾਸ਼ ਸਰਕਾਰ ਫੜਦੀ ਭਲੇ ਪੁਰਸ਼ ਦੇ ਹੱਕ ਨਾ ਜੇਹਲ ਹੋਵੇ । ਸੂਮ ਆਦਮੀ ਨੂੰ ਸਦਾ ਲੋਭ ਮਾਰੇ ਨਾਹੀਂ ਐਬੀਆਂ ਗੁਨ੍ਹਾ ਥੀਂ ਵੇਹਲ ਹੋਵੇ । ਕੁੱਤਾ ਖੁਸ਼ੀ ਮੁਰਦਾਰ ਤੋਂ ਕਾਗ ਵਿਸ਼ਟੇ ਨਾਹੀਂ ਭੂੰਡ ਦਾ ਅੰਗ ਫਲੇਲ ਹੋਵੇ। ਬਦਲ ਮੋਰ ਨੂੰ ਚੰਦ ਚਕੋਰ ਤਾਈਂ ਭੌਰ ਖੁਸ਼ੀ ਨਾ ਬਾਝ ਚਮੇਲ ਹੋਵੇ। ਆਪੋ ਆਪਣੇ ਵਿਸ਼ੇ ਮੈਂ ਮਗਨ ਸਾਰੇ ਕੈਸੇ ਪਾਪੀਆਂ ਧਰਮੀ-ਆਂ ਮੇਲ ਹੋਵੇ। ਬਚਨ ਸਿੰਘ ਓਹ ਪੁਰਸ਼ ਨਾ ਪਾਪ ਕਰਦੇ ਸੱਚੀ ਜਿਨ੍ਹਾਂ ਦੇ ਕੰਨ ਬੁਲੇਲ ਹੋਵੇ॥

## ਅਨੂਪ ਕੌਰ ਨੇ ਮਨੋਕਾਮਨਾ ਪੂਰਨ ਕਰਨੇ ਕੇ ਲੀਏ ਅਨੰਦ ਪੁਰ ਮੇਂ ਰੈਹਨ ਦਾ ਵਿਚਾਰ ਕਰਨਾ

ਅਨੂਪਾਂ ਸੋਚਿਆ ਆਪਣੇ ਚਿੱਤ ਅੰਦਰ ਕਾਰਨ ਗਰਜ ਦੇ ਢੂੰਡੀਏ ਧਾਮ ਕਿਧਰੇ। ਕਾਸਦ ਘਲ ਕੇ ਸੱਦ ਲਾਂ ਸੱਜਣਾ ਨੂੰ ਸਨਮੁਖ ਬੈਠਕੇ ਕਰਾਂ ਬਿਸਰਾਮ ਕਿਧਰੇ। ਕੈਸੀ ਮੱਤ ਜਹਾਨ ਦੀ ਗਈ ਮਾਰੀ ਨਹੀਂ ਸੁਣੀ ਦਾ ਰੱਬ ਦਾ ਨਾਮ ਕਿਧਰੇ। ਸਾਰੇ ਵਿਸ਼ੇ ਵਿਕਾਰ ਦਾ ਜਾਪ ਹੁੰਦਾ ਗਿਆ ਭੁੱਲ ਰਹੀਮ ਤੇ ਰਾਮ ਕਿਧਰੇ । ਕਲੂਕਾਲ ਦੇ ਵਿਚ ਜਨਾਨੀਆਂ ਤੇ ਪਾਈ ਕਾਮ ਨੇ ਸਖਤ ਕਲਾਮ ਕਿਧਰੇ। ਹੱਕ ਛਡਿਆ ਧਰਮ ਤੋਂ ਪਤਤ ਹੋਈਆਂ ਥਾਂ ਥਾਂ ਕਰਦੀਆਂ ਫਿਰਨ ਹਰਾਮ ਕਿਧਰੇ। ਗਸ਼ੀ ਆਪਣਾ ਦੇਖ ਭਰਤਾਰ ਪੈਂਦੀ ਘੱਟਾ ਛਾਂਣ ਰਹੀਆਂ ਸਰੇਆਮ ਕਿਧਰੇ।ਦਿੱਸੇ ਕੋਈ ਅਟੱਲ ਨਾਧਰਮ ਉਤੇ ਫਸੀਆਂ ਇਸ਼ਕ ਮਜ਼ਾਜੀ ਦੇ ਦਾਮ ਕਿਧਰੇ। ਮਾਰੀ ਮੱਤ ਵਿਕਾਰਾਂ ਨੇ ਸਾੜ ਦਿੱਤਾ ਹੋਈਆਂ ਚੰਮ ਨੂੰ ਦੇਖ ਗੁਲਾਮ ਕਿਧਰੇ। ਬਚਨ ਸਿੰਘ ਕੋਟਨ ਵਿਚ

Digitized by Panjab Digital Library | www.panjabdigilib.org

ਕੋਈ ਨਾਰੀ ਬੈਠੀ ਹੋਏਗੀ ਨਾਲ ਅਰਾਮ ਕਿਧਰੇ।

॥ ਅਨੂਪ ਕੌਰ ਨੇ ਮਕਾਨ ਢੂੰਡਨਾ ॥

ਵਿਚ ਸ਼ਹਿਰ ਅਨੰਦ ਅਨੂਪਕੌਰਾਂ ਲਿਆ ਇਕ ਮਕਾਨ ਸੀ ਗਰਜ ਪਿਛੇ। ਕਾਰਨ ਲੋੜ ਦੇ ਭਟਕ ਦੇ ਫਿਰਨ ਲੋਕੀ ਜਿਵੇਂ ਰੋਗੀਆਂ ਔਸ਼ਧੀ ਮਰਜ਼ ਪਿਛੇ। ਬਹੁਤੇ ਇਸ ਜਹਾਨ ਦੇ ਵਿਚ ਲੋਕੀ ਢੂੰਡਣ ਤਾਲਿਆਂਮੰਦ ਨੂੰ ਕਰਜ ਪਿਛੇ। ਜਗ ਆਪਣੇ ਕੰਮ ਦਾ ਯਾਰ ਸਾਰਾ ਕਿਤੇ ਘੜੀ ਨਾ ਠੈਹਰਦਾ ਹਰਜ ਪਿਛੇ। ਆਸ਼ਕ ਲੋਕ ਮਾਸ਼ੂਕ ਦੀ ਮਿਨਤ ਕਰਦਾ ਕਾਰਣ ਸਿਰਫ ਇਕ ਆਪਣੀ ਅਰਜ ਪਿਛੇ। ਬਚਨ ਸਿੰਘ ਬੁਰਯਾਰ ਨਾ ਬੁਰਾ ਛਡਣ ਰਹੇ ਸੰਤ ਮਹਾਤਮਾ ਵਰਜ ਪਿਛੇ॥

॥ ਕਵੀਸ਼ਰ ॥

ਪੰਜ ਵਿਸ਼ੇ ਦੀ ਹਿਰਸ ਮਨੁਖ ਤਾਈਂ ਕਰਦੀ ਪੁਰਸ਼ ਨੂੰ ਬੜਾ ਖੁਆਰ ਥਾਂ ਥਾਂ। ਦਾਰੂ ਲਗਦਾ ਨਹੀਂ ਹਕੀਮ ਵਾਲਾ ਦੁਨੀਆਂ ਮਰਜ ਥੀਂ ਪਈ ਬੀਮਾਰ ਥਾਂ ਥਾਂ। ਜਿਧਰ ਦੇਖੀਏ ਲੋਭ ਖਰਾਬ ਕਰਦਾ ਪਿੰਡੇ ਵਿਚ ਡੁਬਾਂਵਦਾ ਆਣ ਥਾਂ ਥਾਂ। ਭੈੜਾ ਜਰਾ ਅਰਾਮ ਨਹੀਂ ਲੈਣ ਦੇਂਦਾ ਦੁਨੀਆਂ ਭੋਗਦੀ ਪਈ ਵਗਾਰ ਥਾਂ ਥਾਂ। ਜੇਕਰ ਮੂੰਹੋਂ ਪਿਆਰ ਦੀ ਵਲ ਦੇਖੋ ਪਾਇਆ ਇਸਨੇ ਆਪਨਾਂ ਭਾਰ ਥਾਂ ਥਾਂ। ਪੁਰਸ਼ ਦੇਖਕੇ ਭੋਲੀਆਂ ਸੂਰਤਾਂ ਨੂੰ ਕਰਜ ਚੁੱਕਦਾ ਪਿਆ ਹੁਧਾਰ ਥਾਂ ਥਾਂ। ਹੁਣ ਕੀ ਆਖੀਏ ਹਾਲ ਹੰਕਾਰ ਵਲੋਂ ਫਿਰਦਾ ਹੱਦ ਬੇਹੱਦ ਤੋਂ ਬਾਹਰ ਥਾਂ ਥਾਂ। ਖੁਦੀ ਵਿਚ ਇਨਸਾਨ ਖੁਦਾ ਭੁਲੇ ਅਗੇ ਹੋਵਣਾ ਪਵੇ ਲਚਾਰ ਥਾਂ ਥਾਂ। ਜੇਕਰ ਪਰਤ ਕੇ ਵਲ ਕਰੋਧ ਜਾਇਏ ਪਾਈ ਇਸ ਕੰਬਖਤ ਨੇ ਖਾਰ ਥਾਂ ਥਾਂ। ਹਰ ਇਕ ਰੋਜ ਦੇ ਹੋਂਵਦੇ ਖੂਨ ਲੱਖਾਂ ਕਢਣ ਦਿਲਾਂ ਵੇ ਲੋਕ ਬੁਖਾਰ ਥਾਂ ਥਾਂ। ਇਕ ਬੂੰਦ ਨੇ ਬੜਾ ਫਸਾਦ ਪਾਇਆ ਕੁੱਤੇ ਚਬਕਦੇ ਹੱਡ ਮੁਰਦਾਰ ਥਾਂ ਥਾਂ। ਡਾਢੀ ਕਾਮ ਕਰਖਤ ਦੇ ਖੋਤਿਆਂ ਤੇ ਪੈਂਦੀ ਇਸ ਵਿਕਾਰ ਦੀ ਮਾਰ

Digitized by Panjab Digital Library | www.panjabdigilib.org

ਥਾਂ ਥਾਂ। ਕੇਹੜਾ ਘੱਟ ਤੇ ਦੱਸੀਏ ਵੱਧ ਕੇਹੜਾ ਸਾਰੇ ਖੜੇ ਨੇ ਭੁਜਾ ਪਸਾਰ ਥਾਂ ਥਾਂ। ਇਨ੍ਹਾਂ ਪਾਪੀਆਂ ਕੋਲੋਂ [illegible] ਕਿਉਂ ਨਾਂ ਸਿਮਰੀਏ ਨਾਮ ਕਰਤਾਰ ਥਾਂ ਥਾ॥

DEPARTMENT OF LANGUAGES PUNJAB BOOK

॥ ਕਵੀ ॥

ਮਨਾਂ ਭੋਲਿਆ ਸੋਚ ਵਿਚਾਰ ਕੋਈ ਪੁਤਲੇ ਖਾਕ ਦੇ ਜਾਣਗੇ ਨੱਪੜੇ ਓਇ। ਕਾਲਾ ਘੋਲਕੇ ਮੂਰਖਾ ਮੁਖ ਲਾਵੇਂ ਅਗੇ ਜਮਾਂ ਦੇ ਖਾਵਸੇਂ ਧੱਪੜੇ ਓਇ। ਜੋਰੂ ਜ਼ਰ ਜ਼ਮੀਨ ਦਾ ਸੰਗ ਕਾਹਦਾ ਕਿਸੇ ਕੰਮ ਨਾ ਜਰੀ ਦੇ ਕੱਪੜੇ ਓਇ। ਮਾਯਾ ਇਸਤ੍ਰੀ ਅੰਤ ਤਿਆਗਣੀਏ ਪਿਆ ਕੂੜ ਦੇ ਮਾਰਨਾ ਜਫੜੇ ਓਇ। ਅੱਜ ਤੀਕ ਨਾ ਚਿੱਤ ਨੂੰ ਸਬਰ ਆਇਆ ਬੰਦੇ ਦੇਖ ਗ੍ਰਿਸਤ ਮੇਂ ਖੱਪੜੇ ਓਇ। ਕਦੀ ਭਾਲਿਆ ਕੋਈ ਫਕੀਰ ਨਹੀਂਓ ਜਿਨ੍ਹੇ ਉਮਰ ਗੁਜਾਰ ਲਈ ਛੱਪਰੇ ਓਇ। ਜਿਨ੍ਹਾਂ ਕਦਮ ਹਕੀਕੀ ਦੇ ਰਾਹ ਧਰਿਆ ਮੰਜਲ ਕੱਟ ਅਖੀਰ ਦੀ ਅੱਪੜੇ ਓਇ। ਬਚਨ ਸਿੰਘ ਤੂੰ ਹੋਇਓ ਪਲੀਤ ਅੰਧੇ ਟੁਭੀ ਮਾਰ ਕੇ ਨਰਕ ਦੇ ਛੱਪੜੇ ਓਇ॥

## ਮਕਾਨ ਮੇਂ ਦਾਖਲ ਹੋਣਾ

ਓਹ ਜੋ ਲਿਆ ਮਕਾਨ ਅਨੂਪ ਕੌਰਾਂ ਇਸ ਚਿੱਤ ਦੇ ਸਿਰਫ ਅਰਾਮ ਬਦਲੇ। ਪਿਛੋਂ ਦੇਸ ਪਰਦੇਸ ਨੂੰ ਚੀਰ ਆਈ ਮਨ ਭਟਕਯਾ ਬੁਰੇ ਅੰਜਾਮ ਬਦਲੇ। ਦੇਖੋ ਰਖਿਆ ਸ਼ਰਮ ਹਯਾ ਨਾਹੀਂ ਖਾਲੀ ਵਸਲ ਸ਼ਰਾਬ ਦੇ ਜਾਮ ਬਦਲੇ। ਗੰਦੇ ਪੁਰਛ ਨੂੰ ਕੋਈ ਕਲੰਕ ਨਾਹੀਂ ਮਰਦੇ ਇਕ ਨੇ ਆਪਣੀ ਆਨ ਬਦਲੇ। ਨਾਹੀਂ ਤੱਕਦਾ ਸੱਤਿਆਵਾਨ ਕਿਧਰੇ ਕਾਮੀ ਗਰਕਦਾ ਚਿੱਟੜੇ ਚਾਮ ਬਦਲੇ। ਦੇਖੋ ਮੱਤ ਜਹਾਨ ਦੀ ਗਈ ਮਾਰੀ ਧਰਮ ਡੋਬਦੇ ਚਰਬ ਤੁਆਮ ਬਦਲੇ। ਪਿਛਲੀ ਉਮਰ ਦੇ ਵਿਚ ਖਿਆਲ ਜਾਗੇ ਨਾਰੀ ਭਾਲਦੇ ਲੋਕ ਹਰਾਮ ਬਦਲੇ। ਬਚਨ ਸਿੰਘ ਜੋ ਭਲੇ ਮਨੁਸ਼ ਹੁੰਦੇ ਭੇਟਾ ਸੀਸ ਦੀ

Digitized by Panjab Digital Library | www.panjabdigilib.org

ਰੱਖ ਦੇ ਨਾਮ ਬਦਲੇ ॥

॥ ਅਨੂਪ ਕੌਰ ਦਾ ਕਪਟ ॥

ਭਾਈ ਆਪਣਾ ਪਾਸ ਬਹਾਲ ਘਰ ਮੇਂ ਅਨੂਪ ਕੌਰ ਕਹਿੰਦੀ ਸੁਣੋ ਗੱਲ ਵੀਰਾ। ਇਹ ਤਾਂ ਕੂੜ ਜਹਾਨ ਦੀ ਖੇਡ ਸਾਰੀ ਨਾਮ ਰੱਬ ਦਾ ਰਹੇ ਅਟੱਲ ਵੀਰਾ। ਹਰਦਮ ਮੜ੍ਹੀ ਉਡੀਕਦੀ ਬੰਦਿਆਂ ਨੂੰ ਕਿਸੇ ਅੱਜ ਤੇ ਜਾਂਵਣਾ ਕਲ ਵੀਰਾ। ਖਾਲੀ ਕੱਟਣੀ ਰਾਤ ਮੁਸਾਫਰਾਂ ਨੇ ਜਾਣਾ ਇਸ ਸਰਾਂ ਤੋਂ ਚਲ ਵੀਰਾ। ਸਾਰੀ ਉਮਰ ਗਵਾ ਲਈ ਖੇਡ ਐਵੇਂ ਨਾਹੀਂ ਅਮਲ ਦਾ ਸਿਖਿਆ ਵਲ ਵੀਰਾ। ਮੇਰੇ ਦਿਲ ਮੇਂ ਕਲ ਵਿਚਾਰ ਉਠੀ ਰਹੀ ਤਦੋਂ ਦੀ ਹਾਂ ਹਥ ਮਲ ਵੀਰਾ। ਚੰਗਾ ਲਗਦਾ ਜਗ ਜਹਾਨ ਨਾਹੀਂ ਦੁਨੀਆਂ ਖੇਡ ਮਦਾਰੀ ਦਾ ਛਲ ਵੀਰਾ। ਕਲ•ਡਾਢਿਆਂ ਵਸ ਕਲਬੂਤ ਪੈਣਾ ਲੈਹਣੀ ਢਾਡਿਆਂ ਵਾਂਗਰਾਂ ਖਲ ਵੀਰਾ। ਇਸੇ ਫਿਕਰ ਨਿਚੋੜਿਆ ਲਹੂ ਮੇਰਾ ਗਿਆ ਜੋਰ ਜਵਾਨੜੀ ਢਲ ਵੀਰਾ। ਗਲੋਂ ਲਾਹਾਂ ਜਹਾਨ ਦੀ ਕਲਕਲਾ ਨੂੰ ਸਚੇ ਰਾਹ ਨੂੰ ਬੈਠੀਏ ਮਲ ਵੀਰਾ। ਚਾਹੁੰਦਾ ਚਿੱਤ ਭਗਵਾਨ ਦੀ ਬੰਦਗੀ ਨੂੰ ਬੁਰਾ ਇਸ ਜਹਾਨ ਦਾ ਸੱਲ ਵੀਰਾ। ਬਚਨ ਸਿੰਘ ਜੋ ਹੋਂਵਦਾ ਅੱਜ ਕਰੀਏ ਚਾਹੀਏ ਨਹੀਂ ਉਡੀਕਣਾ ਕਲ ਵੀਰਾ ॥

ਅਨੂਪ ਕੌਰ ਦੇ ਭਾਈ ਦਾ ਉਪਦੇਸ਼ ਅਨੂਪ ਕੌਰ ਨੂੰ

ਅਨੂਪ ਕੌਰ ਦੇ ਫੇਰ ਭਰਾ ਕਿਹਾ ਚੰਗਾ ਇਸ ਵਿਚਾਰ ਤੋਂ ਕੰਮ ਕੇਹੜਾ। ਜਿਨ੍ਹਾਂ ਲਭਿਆ ਆਪਣੇ ਆਪ ਤਾਈਂ ਰਿਹਾ ਓਸ ਇਨਸਾਨ ਨੂੰ ਗਮ ਕੇਹੜਾ। ਉਸਦੀ ਓਟ ਦੇ ਬੰਦਿਆਂ ਚੋਟ ਨਾਹੀਂ ਗੋਟ ਚੁਕਣੇ ਵਾਲੜਾ ਜਮ ਕੇਹੜਾ। ਬਸ ਹੋਰ ਜਹਾਨ ਮੁਰਦਾਰ ਸਾਰਾ ਜੀਹਦਾ ਦਿਸਦਾ ਲਗਨ ਬ੍ਰਹਮ ਕੇਹੜਾ। ਜਦੋਂ ਆਤਮਾ ਇਕ ਅਦ੍ਵੈਤ ਕਰੀਏ ਬਾਕੀ ਫੇਰ ਸਤਾਉਣ ਨੂੰ ਜਮ ਕੇਹੜਾ। ਵਿਚ ਇਸ ਜਹਾਨ ਦੇ ਭਜਨ ਬਾਝੋਂ ਉਤਮ ਸਮਝੀਏ ਹੱਡ ਤੇ ਚੰਮ ਕੇਹੜਾ। ਡਰੀਏ

Digitized by Panjab Digital Library | www.panjabdigilib.org

ਵਿਸ਼ੇ ਵਿਕਾਰ ਦੀ ਕੈਦ ਕੋਲੋਂ ਇਥੋਂ ਛੁੱਟਸੀ ਖਰਚ ਕੇ ਦਮ ਕੇਹੜਾ। ਕਾਮੀ ਪੂਜਦੇ ਔਰਤਾਂ ਬਚਨ ਸਿੰਘਾ ਭੈੜਾ ਪੁਰਸ਼ ਨੂੰ ਹੋਰ ਗੁਲਮ ਕੇਹੜਾ॥

॥ ਕਵੀਸ਼ਰ ॥

ਮਜ਼ਬ ਇਸ਼ਕ ਮਜਾਜੀ ਦੇ ਵੜੇ ਜੇੜ੍ਹਾ ਪੜ੍ਹਦਾ ਮਕ੍ਰ ਫਰੇਬ ਦੇ ਰੂਲ ਸਾਰੇ। ਚਰਚਾ ਜਗਤ ਦੀ ਗਾਲ ਅਲਾਂਬੜਾ ਜੋ ਹੱਕ ਆਸ਼ਕਾਂ ਧੁਰੋਂ ਕਬੂਲ ਸਾਰੇ। ਕਰਮ ਧਰਮ ਤੇ ਸ਼ਰਮ ਦਾ ਵਾਸਤਾ ਕੀ ਆਸ਼ਕ ਇਸ਼ਕ ਮੈਂ ਜਾਂਵਦਾ ਭੂਲ ਸਾਰੇ। ਆਸ਼ਕ ਹੱਦ ਜਹਾਨ ਦੀ ਰਦ ਕਰਦਾ ਤੋੜੇ ਭਰਮ ਦੇ ਤੁਰਤ ਅਸੂਲ ਸਾਰੇ। ਗਰਜ਼ ਨਾਲ ਕੀ ਪੰਡਤਾਂ ਕਾਜ਼ੀਆਂ ਦੇ ਬਿਨਾਂ ਯਾਰ ਦੇ ਹੁਕਮ ਅਦੂਲ ਸਾਰੇ। ਦੇਕੇ ਭੇਟ ਸਰੀਰ ਦੀ ਬਚਨਸਿੰਘਾ ਬਲੀ ਸਿਰਾਂ ਦੀ ਕਰਨ ਵਸੂਲ ਸਾਰੇ॥

॥ ਅਨੂਪ ਕੌਰ ॥

ਅਨੂਪ ਕੌਰ ਕਿਹਾ ਭਾਈ ਆਪਣੇ ਨੂੰ ਅਵਲ ਮੰਜਲੇ ਰਹਾਂਗੀ ਵੀਰ ਮੇਰੇ। ਕਰੋ ਆਖਰੀ ਮੰਜਲੇ ਤੁਸੀਂ ਡੇਰਾ ਮੰਨੋ ਸੀਸ ਤੇ ਬਾਤ ਨੂੰ ਵੀਰ ਮੇਰੇ। ਭਗਵਾ ਪੈਨਕੇ ਰੋਜ ਗੁਜ਼ਾਰ ਲਈਏ ਉਠਣ ਦਿਲੋਂ ਉਬਾਲ ਦਲਗੀਰ ਮੇਰੇ। ਅਚਨ ਚੇਤ ਵਰਾਗ ਦੀ ਚੋਟ ਲਗੀ ਵਿਚ ਸਤਿਆ ਨਹੀਂ ਸਰੀਰ ਮੇਰੇ। ਕਿਆ ਘੇਰਿਆ ਜਮਾਂ ਨਿਮਾਨੜੀ ਨੂੰ ਕਫਨ ਵਾਸਤੇ ਪਾਸ ਨਹੀਂ ਲੀਰ ਮੇਰੇ। ਕੈਸਾ ਓਸ ਪਿਆਰੇ ਦੀ ਯਾਦ ਅੰਦਰ ਨੈਨੀ ਰੋਂਦਿਆਂ ਰਿਹਾ ਨਾ ਨੀਰ ਮੇਰੇ। ਅੰਦਰ ਬੁਰੀ ਵਕਾਰ ਨੇ ਅਗ ਲਾਈ ਦਸੇ ਨਾਮ ਦੀ ਰਿਦੇ ਤਾਸੀਰ ਮੇਰੇ। ਲੱਗੇ ਰੋਗ ਦੀ ਨਹੀਂ ਦਵਾ ਦਸੀ ਮੂਹੋਂ ਬੋਲਦੀ ਗਲੇ ਹਜੀਰ ਮੇਰੇ। ਵਿਚੋਂ ਜੋੜ ਦੀ ਹੱਥ ਮੁਰੀਦ ਜੈਸੇ ਮਿਲੋ ਆਣ ਅਚਾਨਕੀ ਪੀਰ ਮੇਰੇ। ਪੀਲਾ ਰੰਗ ਵਸਾਰ ਥੀਂ ਬਚਨ ਸਿੰਘਾ ਹੱਡ ਸੁਕਕੇ ਹੋਇ ਕਰੀਰ ਮੇਰੇ॥

Digitized by Panjab Digital Library | www.panjabdigilib.org

॥ ਅਨੂਪ ਕੌਰ ਨੇ ਸਾਧੂ ਦਾ ਭੇਖ ਕਰਨਾ ॥

ਅਨੂਪ ਕੌਰ ਸਮਝਾਏ ਭਰਾ ਤਾਈਂ ਭੇਖ ਆਪਣਾ ਸਾਧ ਦਾ ਬਾਪਦੀਏ। ਰੂਹ ਵਾਸ਼ਨਾ ਛੱਡ ਵਰਕਤ ਹੋਯਾ ਮੂਰਤ ਰੱਬ ਦੇ ਘਰਾਂ ਦੀ ਜਾਪਦੀਏ। ਕਿਆ ਵਾਂਗ ਜਗਿਆਸੂਆਂ ਮੋਨ ਧਰਿਆ ਪੁਤਲੀ ਅੰਦਰੋਂ ਜਾਪਦੀ ਪਾਪ ਦੀਏ। ਸਿਕ ਆਸ਼ਕਾਂ ਸਿਰਫ ਮਾਸ਼ੂਕ ਦੀਏ ਨਹੀਂ ਭੁਖ ਪਿਆਸ ਸੰਜਾਪਦੀਏ। ਵਸੇ ਮੂਰਤੀ ਚਿਤ ਪਿਆਰਿਆਂਦੀ ਦੂਜੀ ਗਲ ਨਾਂ ਫੇਰ ਵਿਆਪਦੀਏ। ਇਸ ਤੰਨ ਤੰਬੂਰੇ ਦੀ ਤਾਰ ਅੰਦਰ ਪਈ ਵਾਸ਼ਨਾ ਰਾਗ ਅਲਾਪਦੀਏ। ਓਨਾਂ ਵਾਸਤੇ ਸੁਖ ਨਸੀਬ ਕਿਥੇ ਲਿਖੀ ਜਿਨ੍ਹਾਂ ਦੀ ਧੁਰੋਂ ਸੰਤਾਪਦੀਏ। ਤੱਕੇ ਗੈਰ ਮਨੁਖ ਨਾਂ ਬਚਨਸਿੰਘਾ ਨਾਰੀ ਬਿੰਦ ਜੋ ਆਪਣੇ ਬਾਪਦੀਏ॥

॥ ਕਵੀਸ਼ਰ ॥

ਮਥੇ ਨਾਰੀਆਂ ਧੁਰੋਂ ਹਰਾਮ ਲਿਖਿਆ ਚਿਤ ਭਟਕਦਾ ਸਦਾ ਬਦਮਾਸੀਆਂ ਨੂੰ। ਝਸ ਰਹਿ ਵਕਾਰ ਦਾ ਪੈਹਰ ਅਠੇ ਸੁਤੇ ਬੈਠਿਆਂ ਲੈਣ ਅਬਾਸੀਆਂ ਨੂੰ। ਜਿਧਰ ਨਿਗਾ ਉਠਾਇਕੇ ਪਲਕ ਮਾਰਨ ਦਾਂਮਨ ਕਰਦੀਆਂ ਸਾਧ ਅਭਿਆਸੀਆਂ ਨੂੰ। ਟੂਣਾ ਰੰਨ ਦਾ ਚਲਦਾ ਨਾਂਗਿਆਂ ਤੇ ਕਰਦਾ ਤੁਰਤ ਓਦਾਸ ਉਦਾਸੀਆਂ ਨੂੰ। ਕੈਦ ਜੁਲਫ ਦੇ ਨਾਲ ਜੰਜੀਰ ਕੀਤਾ ਸਾਧੂ ਨਿਰਮਲੇ ਸੰਗ ਸਨਿਆਸੀਆਂ ਨੂੰ। ਡੋਬ ਛਡਿਆ ਘੋਰ ਹੰਦਾਰ ਅੰਦਰ ਪਕੜ ਪੁਰਸ਼ ਬਿਕੁੰਠ ਨਿਵਾਸੀਆਂ ਨੂੰ। ਮੋਮ ਕਰਨ ਚੰਡਾਲ ਦੇ ਚਿਤ ਤਾਈਂ ਗਲਾਂ ਮਿਠੀਆਂ ਦਸ ਖਲਾਸੀਆਂ ਨੂੰ। ਜਿਥੇ ਸੇਹਰ ਕਲਾਮ ਦਾ ਪਾਗਈਆਂ ਪਏ ਭੋਗ ਦੇ ਫਿਰਨ ਚੁਰਾਸੀਆਂ ਨੂੰ। ਕਲੂ ਕਾਲ ਦੇ ਵਿੱਚ ਪ੍ਰਤੱਖ ਦੇਖੋ ਗਲੇ ਵਿਚ ਦਵਾ ਦੀਆਂ ਫਾਸੀਆਂ ਨੂੰ। ਮੂਰਖ ਲੋਕ ਵਸਾਰਦੇ ਘੜੀ ਨਾਹੀਂ ਪੂਜ ਰਹਿ ਸ਼ਤਾਨ ਦੀਆਂ ਮਾਸੀਆਂ ਨੂੰ। ਹੋਯਾ ਤਿਨਾਂ ਨੂੰ ਨਰਕ ਦਵਾਰ ਹਾਸਲ ਜਿਥੇ ਜਰਾਕ ਕਰ ਗਈਆਂ ਹਾਸੀਆਂ ਨੂੰ। ਬਚਨ ਸਿੰਘ

Digitized by Panjab Digital Library | www.panjabdigilib.org

ਵਡਿਆਈਆਂ ਕਰਨ ਮੂਰਖ ਨਾਰਾਂ ਸਮਝ ਸਰੀਰ ਦੀਆਂ ਦਾਸੀਆਂਨੂੰ ॥

॥ ਕਵੀ ॥

ਵੱਲ ਦੋਜਕਾਂ ਔਰਤਾਂ ਭੈੜੀਆਂ ਨੇ ਕਈ ਬੀਬੀਆਂ ਦਾੜੀਆਂ ਟੋਰੀਆਂ ਨੇ। ਆਵੇ ਸਬਰ ਨਾਂ ਕਾਂਮ ਦੇ ਕੁਤਿਆਂ ਨੂੰ ਸਦਾ ਚਲਕ ਦੇ ਗੰਦੀਆਂ ਮੋਰੀਆਂ ਨੇ। ਅਗੇ ਵਿਚ ਪ੍ਰਲੋਕ ਦੇ ਥਾਂ ਹੈ ਨਹੀ ਜਿਨਾਂ ਕੀਤੀਆਂ ਠਗੀਆਂ ਚੋਰੀਆਂ ਨੇ। ਜਦੋਂ ਹਾਕਮਾਂ ਪਾਸ ਨਿਆ ਹੁੰਦਾ ਅਗੇ ਅਖੀਆਂ ਹੁੰਦੀਆਂ ਕੋਰੀਆਂ ਨੇ। ਨੀਵੇਂ ਹੋਇਕੇ ਰੋਜ ਗੁਜ਼ਾਰ ਲਈਏ ਨਹੀਂ ਚੰਗੀਆਂ ਹੁੰਦੀਆਂ ਜੋਰੀਆਂ ਨੇ। ਭਾਈ ਗਮੀ ਵੀ ਸ਼ਾਦੀਆਂ ਨਾਲ ਹੁੰਦੀ ਖੇਡਣ ਵਾਸਤੇ ਸਦਾ ਨਾਂ ਹੋਰੀਆਂ ਨੇ। ਕਦੀ ਮਖਮਲੀ ਛੇਜ ਪਸਿੰਦ ਨਾਹੀਂ ਕਦੀ ਭਾਲੀਏ ਸੌਣ ਨੂੰ ਖੋਰੀਆਂ ਨੇ। ਕਦੀ ਕੌਡੀਆਂ ਮੰਗਦਾ ਪੁਰਸ਼ ਦਰ ਦਰ ਕਦੀ ਹੁੰਦੀਆਂ ਓਸਨੂੰ ਚੋਰੀਆਂ ਨੇ। ਜ਼ਰਾ ਨਫ਼ੇ ਨੁਕਸਾਨ ਨੂੰ ਸੋਚ ਲਈਏ ਕਈ ਸੂਰਤਾ ਕਾਲੀਆਂ ਗੋਰੀਆਂ ਨੇ। ਬਚਨ ਸਿੰਘ ਗੁਨਾਹਾਂ ਤੋਂ ਬਖਸ਼ ਰਬਾਂ ਪਾਪੀ ਜਨਾਂ ਨੂੰ ਤੇਰੀਆਂ ਡੋਰੀਆਂ ਨੇ ॥

॥ ਸਾਧੂ ਰੂਪ ਦੀ ਦੁਨੀਆਂ ਨੂੰ ਖਬਰ ਹੋਣੀ ॥

ਕੁਝਕ ਰੋਜ਼ ਬੀਤੇ ਸਾਧੂ ਭੇਖ ਅੰਦਰ ਹੋਈ ਵਿਚ ਜਹਾਂਨ ਦੇ ਜ਼ਾਹਰ ਸਾਰੇ। ਜੋ ਕੁਝ ਹੋਂਵਦਾ ਸਭ ਨੂੰ ਨਜ਼ਰ ਆਵੇ ਦਿਸੇ ਚੰਦ ਨੂੰ ਪਿਆ ਪ੍ਰਵਾਰ ਸਾਰੇ। ਘਰੋਂ ਲੈਕੇ ਨਜ਼ਰ ਨਿਆਜ਼ ਲੋਕੀ ਔਣ ਸੰਤ ਦੇ ਚਲ ਦਰਬਾਰ ਸਾਰੇ। ਨਹੀਂ ਚਿਤ ਦੇ ਵਿਚ ਖਿਆਲ ਕਰਦੇ ਭਗਵੇ ਲੰਘ ਦਾ ਦੇਖ ਅਕਾਰ ਸਾਰੇ। ਸਾਧੂ ਰੱਬ ਦੇ ਵਿਚ ਨਾਂ ਫਰਕ ਕੋਈ ਪੂਰਨ ਹੋਂਵਦੇ ਰੂਪ ਅਵਤਾਰ ਸਾਰੇ। ਬਚਨ ਸਿੰਘ ਪ੍ਰਲੋਕ ਦੇ ਵਿਚ ਆਕੇ ਦਿਸੇ ਵਗੀ ਸ਼ਤਾਂਨ ਦੀ ਮਾਰ ਸਾਰੇ ॥

॥ ਤਥਾ ॥

ਸਾਧੂ ਲੋਕ ਪਰ ਜੱਗ ਤੇ ਹੈਨ ਥੋੜੇ ਆਓ ਅੰਤ ਨਾਂ ਭੇਖ ਨੂੰ

Digitized by Panjab Digital Library | www.panjabdigilib.org

ਦਾਗੀਆਂਦਾ। ਲੱਖਾਂ ਔਰਤਾਂ ਮਗਰ ਖਵਾਰ ਹੁੰਦੇ ਸਾਬਤ ਹੋਵਸੀ ਇਕ ਤੜਾਗੀਆਂਦਾ। ਆਪੋ ਆਪਣੀ ਸਬ ਜਹਾਂਨ ਖਾਂਦਾ ਸਾਂਝੀ ਵਾਲ ਨਾਂ ਕੋਈ ਅਭਾਗੀਆਂਦਾ। ਗੇਰੀ ਲਾਇਕੇ ਕਪੜਾ ਨਾਸ ਕੀਤਾ ਲਬਾ ਭੇਦ ਨਾਂ ਪੁਰਸ਼ ਵਰਾਗੀਆਂਦਾ। ਨਹੀਂ ਨਿਕਲਦਾ ਖੋਟ ਸਰੀਰ ਵਿਚੋਂ ਮੂੰਹ ਲਭਦਾ ਸਾਫ਼ ਅਨਰਾਗੀਆਂਦਾ। ਪਿਛੇ ਕਿਸੇ ਦੇ ਲਗ ਨਾਂ ਐਬ ਕਰੀਏ ਹਿਸਾ ਸੰਗ ਹੈ ਅੱਧਦੇ ਭਾਗੀਆਂਦਾ। ਚਾਏ ਬੰਦਗੀ ਕਰੇ ਹਰਾਂਮ ਕੋਈ ਲਾਗ ਪਿਆ ਉਡੀਕ ਦਾ ਲਾਗੀਆਂ ਦਾ। ਦੇਖ ਨਗਨ ਜਨਾਨੀਆਂ ਬਚਨ ਸਿੰਘਾ ਚਿਤ ਡੋਲਦਾ ਤੁਰਤ ਤਿਆਗੀਆਂ ਦਾ॥

॥ ਦੁਨੀਆਂ ਦਾ ਦਰਸਨ ਨੂੰ ਅਓਨਾਂ॥

ਲੋਕੀ ਆਂਵਦੇ ਜਾਂਵਦੇ ਦਰਸ਼ਨਾਂ ਨੂੰ ਗੱਲ ਸ਼ੈਹਰ ਦੇ ਵਿਚ ਮਸ਼ਹੂਰ ਹੋਈ। ਨਹੀਂ ਰੱਬ ਤੋਂ ਐਬ ਸਵਾਬ ਗੁਝਾ ਚਿੱਠੀ ਪਾਪਦੀ ਸਵੇਂ ਹਜ਼ੂਰ ਹੋਈ। ਰੋਜ਼ ਨਵੇਂ ਤੋਂ ਨਵਾਂ ਮਨੁੱਖ ਆਵੇ ਸ਼ਰਮ ਨਾਲ ਫਿਰਾਕ ਦੇ ਦੂਰ ਹੋਈ। ਅੱਗ ਨਾਲ ਸ਼ਤਾਂਨ ਦੀ ਬਚਨ ਸਿੰਘਾ ਦੁਨੀਆਂ ਜਲ ਕੇ ਵਾਂਗ ਮਨੂਰ ਹੋਈ॥

॥ ਅਨੂਪ ਕੌਰ ਨੇ ਅਪਨੇ ਜੋਗ ਪੁਰਸ਼ ਦੀ ਖੋਜ ਕਰਨੀ॥

ਨਹੀਂ ਵਾਂਗ ਘੜਤੋਤਿਆਂ ਰਹੇ ਕਲੀ ਬੈਠਾ ਇਕਨਾਂ ਇਕ ਮਨੁੱਖ ਰੈਂਹਦਾ। ਕੱਲਾ ਕੀ ਜਹਾਂਨ ਤੇ ਪੁਰਸ਼ ਬਣਿਆ ਡਾਵਾਂ ਡੋਲ ਜਿਓਂ ਜੰਗਲੀਂ ਰੁੱਖ ਰੈਂਹਦਾ। ਲਾਇਕ ਆਪਣੇ ਤਾੜਦੀ ਕੋਈ ਬੰਦਾ ਖੋਟੇ ਖਰੇ ਨੂੰ ਦੇਖਦਾ ਮੁੱਖ ਰੈਂਹਦਾ। ਪਏ ਭਾਲਦੇ ਰੋਜ ਦਵਾਂ ਤਾਈਂ ਅੱਠੇ ਪੈਹਰ ਦਾ ਜਿਨਾਂ ਨੂੰ ਦੁੱਖ ਰੈਂਹਦਾ। ਦਿਲੋਂ ਪੁਛੀਆ ਜਾਣੀਏ ਆਸ਼ਕਾਂ ਦੇ ਕਿਸੇ ਘੜੀ ਨਸੀਬਨਾਂ ਸੁੱਖ ਰੈਂਹਦਾ। ਬਚਨ ਸਿੰਘ ਹੈ ਆਸ਼ਕੀ ਮਾਪਿਆਂ ਦੀ ਦੁਖ ਜਿਹਾ ਨਾ ਆਪਣੀ ਕੁੱਖ ਰੈਂਹਦਾ॥

Digitized by Panjab Digital Library | www.panjabdigilib.org

॥ ਅਨੂਪ ਕੌਰ ਦਾ ਮਦਨ ਦਾਸ ਨਾਮੇ ਆਦਮੀਂ ਦੇ ਪਾਸ ਕਪਟ ਜ਼ਾਹਰ ਕਰਨਾਂ ॥

ਮਦਨ ਦਾਸ ਇਕ ਨਾਂਮ ਦਾ ਪੁਰਸ਼ ਹੈਸੀ ਆਉਂਦਾ ਸੰਤ ਦੇ ਰੋਜ਼ ਜਮਾਲ ਤਾਈਂ। ਗੈਹਰੀ ਅੱਖ ਪਛਾਣਦਾ ਗੈਰ ਬੰਦਾ ਭੋਗੀ ਭੋਗ ਦੇ ਰੋਜ਼ ਵਸਾਲ ਤਾਈਂ। ਮਦਨ ਦਾਸ ਥੀਂ ਕਰੇ ਪਿਆਰ ਡਾਢਾ ਨੂਪ ਵਾਰਦੀ ਜਾਂਨ ਤੇ ਮਾਲ ਤਾਈਂ। ਲਾਈਆਂ ਬਾਝ ਮਾਬੂਬ ਦੀ ਸਾਰ ਕੀਏ ਲਾਲ ਖਰਚ ਕੇ ਲਭੀਏ ਲਾਲ ਤਾਈਂ। ਅਨੂਪ ਜੋੜਕੇ ਹਥ ਦਾਆ ਕੀਤੀ ਮੇਰੀ ਤਰਫ ਨੂੰ ਕਰੋ ਖਿਆਲ ਤਾਈਂ। ਜੇਵੇਂ ਜਾਣਦੇ ਹੋ ਤਿਵੇਂ ਤਾਰ ਛਡੋ ਮੇਰੇ ਸੁਟੀਏ ਨਹੀਂ ਸਵਾਲ ਤਾਈਂ। ਰਹੀ ਸਾਤਿਆ ਵਿਚ ਸਰੀਰ ਨਾਹੀਂ ਰਤ ਸੁਕ ਗਈ ਕਰਦਿਆਂ ਭਾਲ ਤਾਈ। ਜਰਾ ਨਾਲ ਖਿਆਲ ਦੇ ਬਚਨ ਸਿੰਘਾ ਸੁਣੋ ਅਵਲੋ ਆਖਰੀ ਹਾਲ ਤਾਈਂ ॥

॥ ਤਬਾ ॥

ਮੰਗੇ ਸੀਸ ਤੇ ਸੀ ਦਾ ਵਾਸਤਾ ਕੀ ਅਤੇ ਪੀੜ ਨਾਂ ਹੋਵਣੀ ਰਤੀ ਹੈਵੇ। ਮਹੀਂਵਾਲ ਨੇ ਕਢਿਆ ਮਾਸ ਪਟੋਂ ਇਹ ਇਸ਼ਕ ਫਰਾਕ ਦੀ ਗਤੀ ਹੈਵੇ। ਪੀਆ ਵਾਸਤੇ ਸੀਸ ਦੀ ਬਲੀ ਦੇਵੇ ਓਹੋ ਨਾਰ ਸੁਲੱਖ ਣੀ ਸਤੀ ਹੈਵੇ। ਸਿਰ ਦਿਤਿਆਂ ਦਸ ਕੀ ਵਿਗੜਦਾਏ ਲਾਵੇ ਕੰਠ ਜੇ ਆਪਣਾ ਪਤੀ ਹੈਵੇ। ਉਹ ਕੀ ਜਾਣਦੇ ਕਦਰ ਪਿਆਰਿਆਂ ਦੀ ਬੇ ਵਕੂਫ਼ ਜੇੜੇ ਮੰਦਮਤੀ ਹੈਵੇ। ਮੇਲੀ ਰੱਬਦੇ ਵਾਸ਼ਤੇ ਕਾਸਦਾ ਤੂੰ ਸ਼ੌਕ ਚਿਤ ਪਿਆਰਿਦਾ ਅਤੀ ਹੈਵੇ। ਜਿਵੇਂ ਬਾਲੜੀ ਉਮਰ ਦੀਸਤੀ ਹਾਂ ਮੈਂ ਤੇਵੇਂ ਪਤੀ ਵੀ ਜਾਪਦਾ ਜਤੀ ਹੈਵੇ। ਬਚਨ ਸਿੰਘ ਅਠੀ ਪੈਰੀਂ ਕਰਨ ਭੋਜਨ ਨਾਰੀ ਪੁਰਸ਼ ਓਹ ਸਦਾ ਬਰਤੀ ਹੈਵੇ ॥

॥ ਮਦਨ ਦਾਸ ॥

ਮਦਨ ਦਾਸ ਨੇ ਆਖਿਆ ਦਸ ਮੈਨੂੰ ਜੀਦੇ ਵਾਸਤੇ ਦੁਖੀ ਬਿਅੰਤ

Digitized by Panjab Digital Library | www.panjabdigilib.org

ਹੈ ਤੂੰ। ਨਾਲ ਰੰਗ ਦੇ ਕਪੜੇ ਰੰਗ ਛਡੇ ਰਿਦੇ ਪਾਪ ਤੇ ਬਾਰ ਦੀ ਸੰਤ ਹੈ ਤੂੰ। ਚੰਗਾ ਜੱਗ ਜਹਾਨ ਨਾ ਭਾਸਦਾ ਏ ਬੈਠੀ ਲਾਇ ਸਮਾਧ ਅਨੰਤ ਹੈ ਤੂੰ। ਵਾਂਗ ਸਚਿਆਂ ਆਸ਼ਕਾਂ ਬਚਨ ਸਿੰਘਾ ਜਿਦੀ ਆਦ ਤੇ ਓਸਦੀ ਅੰਤ ਹੈ ਤੂੰ॥

॥ ਅਨੂਪ ਕੌਰ ॥

ਦਸਾਂ ਕੀ ਮੈਂ ਕਾਸ ਦਾ ਡਰਨਆਵੇ ਮਤਾਂ ਭੇਦ ਜ਼ਬਾਂਨ ਥੀਂ ਖੋਲ ਉਠੇ। ਵਿਚ ਪੇਚ ਰਕੀਬਾਂ ਦੇ ਆਣਕੇ ਵੇ ਸਚੋ ਸਚ ਜ਼ਬਾਂਨ ਥੀਂ ਬੋਲ ਉਠੇ। ਜਦੋਂ ਪਾਪ ਅਪ੍ਰਾਧ ਨੇ ਜੋਰ ਪੈਂਦੇ ਬੰਦਾ ਦਿਲੋਂ ਕਮਜ਼ੋਰ ਹੋ ਡੋਲ ਉਠੇ। ਮਤਾਂ ਧਰਮ ਦੇ ਤੇਜ ਤੋਂ ਖੌਫ਼ ਖਾਕੇ ਕੰਡੇ ਜੀਬ ਦੇ ਸਚ ਨੂੰ ਤੋਲ ਉਠੇ। ਪਾਕੇ ਭੇਦ ਨਾਂ ਅਖੀਆਂ ਬਦਲ ਜਾਵੀਂ ਕਿਤੇ ਖੋਲ ਨਮਾਣੀ ਦਾ ਪੋਲ ਉਠੇ। ਪਰਚਾ ਠੰਪ ਮਜਾਜੀ ਦਾ ਬਚਨ ਸਿੰਘਾ ਮਤਾਂ ਸ਼ਰਾਂ ਦੇ ਵਰਕਿਆਂ ਫੋਲ ਉਠੇ॥

॥ ਕ਼ਾਸਦ ॥

ਮਦਨ ਦਾਸ ਨੇ ਆਖਿਆ ਨੂਪ ਕੌਰਾਂ ਮੂਹੋਂ ਬਾਤ ਅਸਚਰਜ ਦੀ ਨਸੀ ਨਾਹੀਂ। ਹੋਇਆ ਕੀ ਜੇ ਪੀਆ ਦੀ ਤਲਬ ਤੈਨੂੰ ਇਹਿ ਬਾਤ ਜਹਾਂਨ ਤੇ ਨਵੀਂ ਨਾਹੀਂ। ਜੋ ਤੂੰ ਕਿਹਾ ਸੋ ਹੋਇਆ ਮਨਜੂਰ ਸਾਨੂੰ ਪਿਛੇ ਹੋਰ ਮਨੁਸ਼ ਦੇ ਭਵੀਂ ਨਾਹੀਂ। ਮਤਾਂ ਵਿਚ ਜਹਾਨ ਦੇ ਨਸ਼ਰ ਹੋਵੇ ਐਵੇਂ ਕਾਗ ਦੇ ਵਾਂਗਰਾਂ ਲਵੀਂ ਨਾਹੀਂ। ਜੇਕਰ ਲੋੜ ਮਹਬੂਬ ਦੇ ਮਿਲਨ ਦੀਏ ਕਿਤੇ ਨਾਲ ਅਰਾਮ ਦੇ ਬਵੀਂ ਨਾਹੀਂ। ਮਤਾਂ ਅੱਦ ਅਧਵਾਟਿਓ ਟੁਟ ਜਾਵੇ ਡਿਗ ਅਰਸ਼ ਤੋਂ ਫ਼ਰਸ਼ ਤੇ ਪਵੀਂ ਨਾਹੀਂ। ਰਾਤੋਂ ਉਠਕੇ ਓਸਦਾ ਜਾਪ ਚਾਹੀਏ ਐਵੇਂ ਲੰਮੀਆਂ ਤਾਣਕੇ ਸਵੀਂ ਨਾਹੀਂ। ਕਰੀਂ ਬੰਦਗੀ ਰੱਬਦੀ ਬਚਨ ਸਿੰਘਾ ਖਲਾਂ ਥੋਥੀਆਂ ਮੂਰਖਾ ਧਵੀਂ ਨਾਹੀਂ॥

Digitized by Panjab Digital Library | www.panjabdigilib.org

॥ ਅਨੂਪ ॥

ਲੱਖ ਖਰਚੀਏ ਗਈ ਨਾਂ ਹੱਥ ਆਵੇ ਇਜ਼ਤ ਇਸ਼ ਇਨਸਾਨ ਦਾ ਸ਼ਾਨ ਬਣਿਆ। ਚਾਰੇ ਵੇਦ ਬਿਨ ਗੁਣਾਂ ਤੋਂ ਕੰਮ ਕੇਹੜੇ ਕਾਹਦਾ ਅਮਲ ਦੇ ਬਾਝ ਕੁਰਾਨ ਬਣਿਆ। ਚਿਤ ਡੋਲਦਾ ਕਰੇਂ ਖਵਾਰ ਨਾਹੀਂ ਹੁਣ ਤਾਂ ਵਿਚ ਜਹਾਨ ਦੇ ਮਾਨ ਬਣਿਆ। ਕੌਡੀ ਮੁਲ ਨਾਂ ਜਿਸਦੀ ਆਬਰੂਦਾ ਦਸੋ ਕਾਸਦਾ ਉਹ ਇਨਸਾਨ ਬਣਿਆ। ਕਰਕੇ ਕੌਲ ਅਕਰਾਰ ਨਾ ਪਰਤ ਜਾਵੀਂ ਚਿਤ ਪੁਰਸ਼ ਦਾ ਰੂਪ ਸ਼ਤਾਨ ਬਣਿਆ। ਸਚੋ ਸਚ ਜ਼ਬਾਂਨ ਥੀਂ ਦਸ ਮੈਨੂੰ ਹਿਰਦਾ ਗੱਮਾਂ ਦੇ ਨਾਲ ਨਿਰਮਾਣ ਬਣਿਆ। ਬਾਜ ਭਜਨ ਭਗਵੰਤ ਦੇ ਸਾੜ ਦੇਈਏ ਇਸ ਦੇਹੀ ਦਾ ਕੂੜ ਮਕਾਨ ਬਣਿਆ। ਜੇੜਾ ਉਪਜਿਆ ਨਾਸ਼ ਹੈ ਬਚਨ ਸਿੰਘਾ ਵਾਂਗਰ ਬੁਲਬੁਲੇ ਸਭ ਜਹਾਨ ਬਣਿਆ॥

॥ ਕਾਸਦ ॥

ਮੁਸ਼ਕਲ ਬਾਜ ਤਸਲੀਓਂ ਦੂਰ ਹੋਵੇ ਭੈੜਾ ਸੁਣੀਦਾ ਰੋਗ ਵਿਸ ਵਾਸਦਾਏ। ਹੋਵੇ ਆਪਣੇ ਚਿਤ ਮੈਂ ਪਾਪ ਜੇਹੜਾ ਓਹੀ ਦੂਸਰੇ ਚਿੱਤ ਮੇਂ ਭਾਸਦਾਏ। ਤੈਨੂੰ ਨਹੀਂ ਸਮਝਾਇਆ ਸਮਝ ਔਂਦੀ ਛੀਨ ਹੋਇਆ ਬਲਕਾਰ ਕਿਆਸਦਾਏ। ਮੂਹੋਂ ਆਖਕੇ ਪਰਤਣਾ ਬਚਨ ਭੈੜਾ ਘਾਟਾ ਮਾਰਦਾ ਪੁਰਸ਼ ਨੂੰ ਗਾਸਦਾਏ। ਸਾਡਾ ਵਾਕ ਜ਼ਬਾਨ ਦਾ ਸੱਤ ਰੈਹਸੀ ਜਿਚਰ ਕਾਇਮ ਇਹ ਪੁਤਲਾ ਮਾਸਦਾਏ। ਨੇਕੀ ਖੱਟ ਜਹਾਨ ਤੋਂ ਬਚਨ ਸਿੰਘਾ ਇਥੋਂ ਕੱਲ ਨੂੰ ਹੁਕਮ ਬਨਬਾਸਦਾਏ॥

॥ ਤਥਾ ॥

ਕੂੜੇ ਦਿਲੋਂ ਵਿਸਵਾਸ ਨੂੰ ਛਡਦੇ ਤੂੰ ਬੁਕੀ ਬੁਕ ਫੇਰ ਪਰਤ ਮੈਂ ਚਟਦਾ ਨਹੀਂ। ਪੁਰਸ਼ ਨੇਕ ਜੋ ਕਿਸੇ ਥੀਂ ਕਰੇ ਸੋਬਤ ਬਿਗੜ ਜਾਏ ਪਰ ਯਾਰ ਨੂੰ ਛਟਦਾ ਨਹੀਂ। ਸੂਰਾ ਵਿਚ ਰਣਭੂਮ ਦੇ ਮਰੇ ਜਾਕੇ ਐਪਰ ਕੰਡ ਪਿਛਾਹਾਂ ਨੂੰ ਵਟਦਾ ਨਹੀਂ। ਜੇਕਰ ਕਿਸੇ ਦਾ ਕੰਮ

Digitized by Panjab Digital Library | www.panjabdigilib.org

ਸਵਾਰ ਦੇਵੇ ਕੁਝ ਇਸ ਇਨਸਾਂਨਦਾ ਘਟਦਾ ਨਹੀ। ਇਕ ਦਿਨ ਜਿੰਮੀਂ ਦੇ ਨਾਲ ਬਿਸਰਾਂਮ ਸਭਦਾ ਸਦਾ ਸੌਣ ਨੂੰ ਬਿਸਤ੍ਰਾ ਪਟਦਾ ਨਹੀ। ਬਚਨ ਸਿੰਘ ਪ੍ਰਦੇਸ ਮੈਂ ਆਣਕੇ ਤੂੰ ਕੁਝ ਦੇਸਦੇ ਵਾਸਤੇ ਖਟਦਾ ਨਹੀ॥

॥ ਕਵੀਸ਼ਰ ॥

ਮਦਨ ਦਾਸ ਦੀ ਸੋਹੋਂ ਸੁਗੰਦ ਉਤੇ ਅਨੂਪ ਕੌਰ ਦੇ ਚਿਤ ਧਰ ਵਾਸ ਆਇਆ। ਜਿਨ੍ਹਾਂ ਭਰਮ ਦਾ ਭਾਰ ਓਤਾਰ ਦਿਤਾ ਰਸਤਾ ਸਚ ਦਾ ਤਿਨ੍ਹਾਂ ਨੂੰ ਭਾਸ ਆਇਆ। ਨੂਪ ਅੰਨ ਸਵਾਦ ਦਾ ਖਾਣ ਲਗੀ ਸੌਖਾ ਦੇਹ ਬੀਂ ਸਾਸ ਗਰਾਸ ਆਇਆ। ਛੁਟੀ ਜੈਹਮਤੋਂ ਜਾਨ ਬੀਮਾਰ ਦੀ ਜਾਂ ਪਿੰਡੇ ਫੇਰ ਗਰੀਬ ਦੇ ਮਾਸ ਆਇਆ। ਫਿਕਰ ਆਪਣੇ ਕੰਮ ਤੋਂ ਰੈਹਤ ਹੋਕੇ ਲੈਕੇ ਖੁਸ਼ੀ ਦੀ ਹੱਥ ਅਰਦਾਸ ਆਇਆ। ਨਾਲ ਨੇਕ ਨਸੀਬ ਦੇ ਬਚਨ ਸਿੰਘਾ ਕਾਰਜ ਫੇਰ ਵਚਾਰੀ ਦਾ ਰਾਸ ਆਇਆ॥

॥ ਅਨੂਪ ॥

ਅਨੂਪਕੌਰ ਨੇ ਆਖਿਆ ਕਾਸਦਾ ਵੇ ਲੈ ਹੁਣ ਸੁਣੀਂ ਮੇਰੀ ਦਾਸ ਤਾਨ ਤਾਂਈਂ। ਗਮਾਂ ਗਾਲਿਆ ਚੱਮ ਸਰੀਰ ਮੇਰਾ ਕਰ ਛਡਿਆ ਖੁਸ਼ਕ ਪਰਾਨ ਤਾਈਂ। ਮੇਰੇ ਪੀਆ ਦਾ ਨਾਮ ਜਹਾਨ ਰੋਸ਼ਨ ਪੁਛ ਦੇਖ ਹਿੰਦੂ ਮੁਸਲਮਾਨ ਤਾਈਂ। ਨਾਮ ਗੁਰੂ ਗੋਬਿੰਦਸਿੰਘ ਧਾਰ ਆਏ ਤਾਰਨ ਕਾਰਨੇ ਇਸ ਜਹਾਨ ਤਾਈਂ। ਇਕ ਦਿਨ ਓਸ ਦੇ ਵਿਚ ਦੀਵਾਨ ਜਾਕੇ ਨੈਨੀ ਦੇਖਿਆ ਰੂਪ ਦੀ ਕਾਨ ਤਾਈਂ। ਓਸੇ ਰੋਜ਼ ਤੋਂ ਸਮਝ ਧਨ ਪਾਤਰੀ ਮੈਂ ਪੱਲਾ ਅੱਡਕੇ ਮੰਗਦੀ ਦਾਨ ਤਾਈਂ। ਮੈਂ ਤਾਂ ਪੀਆ ਪਿਆਰੇ ਦੇ ਸੀਸ ਉਤੋਂ ਵਾਰ ਛਡਿਆ ਧਰਮ ਈਮਾਨ ਤਾਈਂ। ਮੈਲੇ ਵੇਸ ਫਕੀਰਾਂ ਦੇ ਹੋਏ ਰਹੀਆਂ ਕਸ਼ਟ ਬਣੇ ਅਨੇਕ ਨੇ ਜਾਨ ਤਾਈਂ। ਮੇਰਾ ਰੋਂਦਿਆਂ ਨੀਰ ਨਖੁਟ ਗਿਆ ਅਖਾਂ ਭੁੱਲੀਆਂ ਕਰਨ

Digitized by Panjab Digital Library | www.panjabdigilib.org

ਪੇਛਾਨ ਤਾਈਂ । ਬਚਨ ਸਿੰਘ ਜੇ ਕਾਸਦਾ ਮੇਲ ਦੇਵੇ ਤੇਰੇ ਭੁਲਸਾਂ ਨਹੀਂ ਐਸਾਨ ਤਾਈਂ ॥

॥ ਤਬਾ ॥

ਡਰਦੀ ਕਿਸੇ ਦੇ ਨਾਲ ਨਾ ਗਲ ਕੀਤੀ ਦੱਬ ਛੱਡਿਆ ਆਪਣੀ ਜੀਬ ਨੂੰ ਮੈਂ । ਗੁਜਾ ਰੋਗ ਸਤਾਵੰਦਾ ਜਾਨ ਮੇਰੀ ਪਈ ਲਬਦੀ ਫਿਰਾਂ ਤਬੀਬ ਨੂੰ ਮੈਂ । ਇਸ ਦੁਖਦੀ ਕੋਈ ਦਵਾ ਨਾਂਹੀ ਜਿਚਰ ਮਿਲਾਂ ਨਾ ਓਸ ਹਬੀਬ ਨੂੰ ਮੈਂ । ਬਚਨ ਸਿੰਘ ਨਿਭਾਗਣੀ ਜੱਗ ਨਾਲੋਂ ਸਾਰੇ ਰੋਵੰਦੀ ਫਿਰਾਂ ਨਸੀਬ ਨੂੰ ਮੈਂ ॥

169669

॥ ਮਦੱਨ ॥

ਕਾਸਦ ਆਖਿਆ ਕਰੀਂ ਨਾਂ ਫਿਕਰ ਕੋਈ ਦਿਲੋਂ ਦੂਰ ਕਰ ਕੂੜ ਦੇ ਜੰਨ ਤਾਈਂ । ਜੋ ਕੁਝ ਹੋਵਣਾ ਹੋਵੇ ਕਰਤਾਰ ਵਲੋਂ ਖਾਈਏ ਨਾਲ ਸਵਾਦ ਦੇ ਅੰਨ ਤਾਈਂ । ਮਨਸ਼ਾ ਸਬਦੀ ਕਰੇ ਭਗਵਾਨ ਪੂਰੀ ਭਰੀਏ ਕਿਓਂ ਜਹਾਨ ਦੇ ਡੰਨ ਤਾਈਂ । ਬਚਨ ਸਿੰਘ ਇਹਿ ਚਿਤ ਦੇ ਫੁਰ-ਨਿਆਂ ਤੋਂ ਕਦੀ ਬੈਠ ਸਮਝਾਈਏ ਮੰਨ ਤਾਈਂ ॥

॥ ਅਨੂਪਕੌਰ ਦਾ ਕਾਸਦ ਨੂੰ ਭੇਜਨ ਵਾਸਤੇ ਪ੍ਰੇਰਨਾ ਕਰਨੀ ॥

ਅਨੂਪਕੌਰ ਨੇ ਫੇਰ ਜਬਾਬ ਦਿਤਾ ਲੈ ਹੁਣ ਕਰੀਂ ਨਾ ਕਾਸਦਾ ਡ੍ਹੇਰੀਆਂ ਨੂੰ । ਫੇਰ ਦੇਹਿ ਬਹਾਰ ਮਹੀਨਿਆਂ ਦੀ ਫਲ ਪਵੇ ਅਚਾਨਕੀ ਬੇਰੀਆਂ ਨੂੰ । ਕਿਤੇ ਖੁਦੀ ਗੁਮਾਨ ਦੇ ਵਿਚ ਆਕੇ ਭੁਲ ਜਾਵੀਂ ਨਾ ਮਿੰਨਤਾਂ ਮੇਰੀਆਂ ਨੂੰ । ਟੁਟੀ ਰੀਢ ਦੇਹਿ ਨਾਲ ਪਿਆਰਿਆਂ ਦੇ ਜੱਗ ਦੱਸਕੇ ਹੇਰੀਆਂ ਫੇਰੀਆਂ ਨੂੰ । ਫਤੇ ਹਿਮਤਾਂ ਸਾਮਣੇ ਦੂਰ ਨਾਹੀਂ ਕਰੀਏ ਕੰਮ ਜਾਂ ਪਕੜ ਦਲੇਰੀਆਂ ਨੂੰ । ਮੰਜ਼ਲ ਆਖਰੀ ਚੜ੍ਹਨ ਦਲਿੱਦਰੀ ਨਾ ਜਿਨ੍ਹਾਂ ਢਾਇਕੇ ਛੱਡਿਆ ਢੇਰੀਆਂ ਨੂੰ । ਧਕੇ ਮਾਰ ਪਿਛਾਹਾਂ ਨੂੰ ਧਕੀਏ ਨਾਂ ਸਗੋਂ ਭਿਛਿਆ ਘਤੀਏ ਚੇਰੀਆਂ ਨੂੰ । ਪੀਆ ਪਜਾਰੇ ਦੀ ਖਾਤਰੇ ਬਚਨਸਿੰਘਾ ਮਿੰਨਤਾਂ ਕਰਾਂ ਮੈਂ ਕਾਸਦਾ ਤੇਰੀਆਂ ਨੂੰ॥

Digitized by Panjab Digital Library | www.panjabdigilib.org

॥ ਕਾਸਦ ॥

ਕਾਸਦ ਆਖਿਆ ਕੋਈ ਨਹੀਂ ਡੇਰ ਮੇਰੀ ਜੱਰਾ ਹੁਕਮ ਤੁਸਾਡੜਾ ਮੰਗਦਾ ਹਾਂ। ਐਵੇਂ ਬਾਜ ਬੁਲਾਇਆਂ ਬੋਲੀਏ ਨਾ ਇਸ ਵਾਸਤੇ ਬੋਲਣੋ ਸੰਗਦਾ ਹਾਂ। ਤੇਰੇ ਵਾਸਤੇ ਸਬ ਮੰਨਜ਼ੂਰ ਮੈਨੂੰ ਸੂਲੀ ਨਾਲ ਸਰੀਰ ਜਾ ਟੰਗਦਾ ਹਾਂ। ਸਬੇ ਜਾਣਦੇ ਪਾਪ ਅਪਰਾਧ ਭੈੜਾ ਸਾਂਜੀ ਵਾਲ ਪੁਤੇਂਡੜੇ ਅੰਗਦਾ ਹਾਂ। ਇਕ ਆਪਣੀ ਹੋਈ ਜਬਾਨ ਪਿਛੇ ਲੀਕ ਹੱਦ ਦੀ ਪਿਆ ਉਲੰਗਦਾ ਹਾਂ। ਕੀਤੇ ਕੰਮ ਦੇ ਬਾਜ ਪਰ ਬਚਨਸਿੰਘਾ ਉਚੀ ਮੂੰਹ ਥੀਂ ਬੋਲ ਨਾ ਹੰਗਦਾ ਹਾਂ॥

॥ ਕਾਸਦ ਦਾ ਕਲਗੀਧਰ ਜੀ ਨੂੰ ਹਾਲ ਸੁਣੌਣਾ॥

ਕਾਸਦ ਲੈ ਸਨੇਹੜਾ ਆਸ਼ਕਾਂ ਦਾ ਵਿਚ ਗੁਰੂ ਦਰਬਾਰ ਦੇ ਆਇਆ ਏ। ਮੱਥਾ ਟੇਕ ਸਤਿਗੁਰੂ ਦੇ ਪੈਰ ਚੁਮੇ ਅਤੇ ਅਦੱਬ ਅਦਾਬ ਬਜਾਇਆਏ। ਕਾਸਦ ਆਖਿਆ ਆਪਦੇ ਸ਼ੈਹਰ ਅੰਦਰ ਇਕ ਸੰਤ ਅਚਾਨਕੀ ਆਇਆਏ। ਹਰ ਹਰ ਕਲਾ ਦਾ ਕੋਟ ਸ਼ਮਰਥ ਸਾਧੂ ਚੇਹਰੇ ਰੂਪ ਅਲਾਹੀ ਦਾ ਛਾਇਆਏ। ਉਸਨੂੰ ਨਾਮ ਵਸਾਰਨਾ ਘੜੀ ਮੁਸ਼ਕਲ ਅਸਾਂ ਅਕਲ ਦੇ ਨਾਲ ਅਜਮਾਇਆਏ। ਪਿਆ ਬ੍ਰਹਮ ਗਿਆਨ ਦੀਆਂ ਕਰੇ ਗੱਲਾਂ ਕਦਰ ਵਾਲਿਆਂ ਭੇਦ ਨੂੰ ਪਾਇਆ ਏ। ਮੈਨੂੰ ਭੇਜਿਆ ਤੁਸਾਂ ਦੇ ਪਾਸ ਉਸਨੇ ਅਤੇ ਇਸ ਤਰਾਂ ਆਖ ਸੁਨਾਇ ਆਏ। ਸੰਗ ਆਪਣੇ ਲੈਕੇ ਚਲ ਆਵੇ ਜੇਹੜਾ ਜਗਤ ਨੇ ਗੁਰੂ ਬਨਾਇਆਏ। ਜੋ ਕੁਝ ਕਿਆ ਮਹਾਤਮਾ ਅਸਾਂ ਤਾਈਂ ਝੋਲੀ ਤੁਸਾਂ ਦੀ ਸਤਿਗੁਰੋ ਪਾਇਆਏ। ਬਚਨਸਿੰਘ ਅਸਾਡੜੀ ਆਸ ਪੂਰੋ ਸਾਧੂ ਜਨਾਂ ਨੇ ਹੁਕਮ ਫਰਮਾਇਆਏ॥

॥ ਕਵੀਸ਼ਰ ॥

ਧੋਖਾ ਝੂਠ ਦੇ ਬਾਜ ਨਾ ਹੋਵੇ ਕਿਧਰੇ ਜੋੜ ਸਚਦੇ ਕੂੜ ਦਾ ਵਾਕ ਨਾਹੀਂ। ਕਾਮ ਦੇਵ ਦੇ ਜਿਹਾ ਪਲੀਤ ਕੇਹੜਾ ਕੋਈ ਬੰਦਗੀ ਜਿਹਾ

Digitized by Panjab Digital Library | www.panjabdigilib.org

ਓਸ਼ਨਾਕ ਨਾਹੀਂ । ਵੈਰੀ ਕੌਣ ਜਹਾਨ ਤੇ ਪੇਟ ਜੈਸਾ ਤੁਲ ਮਾਂ ਦੇ ਦੂਸਰਾ ਸਾਕ ਨਾਹੀਂ । ਬੰਦੇ ਜਿਹਾ ਜਹਾਨ ਤੇ ਕੌਣ ਰੀਦਾ ਅਤੇ ਰੱਬ ਜੈਸਾ ਕੋਈ ਪਾਕ ਨਾਹੀਂ । ਭਜਨ ਵਾਲਿਆਂ ਜੇਡ ਅੰਮੀਰ ਕੇਹੜਾ ਤੇ ਗਰੀਬੜਾ ਵਾਂਗਰਾਂ ਖਾਕ ਨਾਹੀਂ । ਬਚਨ ਸਿੰਘ ਨਿਆਮਤਾਂ ਲੱਖ ਭਾਵੇਂ ਦੁਧ ਘਿਓ ਦੇ ਜੇਹੀ ਖੁਰਾਕ ਨਾਹੀਂ ॥

॥ ਕਵੀ ॥

ਜਦੋਂ ਕਿਤੇ ਫਰੇਬ ਦਾ ਟੁਰੇ ਜਾਦੂ ਨਾਲ ਝੂਠ ਅਪ੍ਰਾਧ ਦੀ ਲਾਗ ਹੁੰਦੀ । ਸੱਚ ਬੋਲਿਆਂ ਖੁਲਦਾ ਪਾਜ ਯਾਰੋ ਇਜ਼ਤ ਆਪਣੀ ਮੂਲ ਨਾਂ ਦਾਗ ਹੁੰਦੀ । ਲੋਭ ਕਾਰਨੇ ਪੁਰਸ਼ ਗਵਾਰ ਭੌਂਦਾ ਨਾਂਹੀ ਵਿਸ਼ੇ ਦੀ ਹਿਰਸ ਤਿਆਗ ਹੁੰਦੀ । ਬਚਨ ਸਿੰਘ ਓਹ ਝੋਲੜੀ ਪਵੇ ਆਕੇ ਲਿਖੀ ਵਿਚ ਜੋ ਆਪਣੇ ਭਾਗ ਹੁੰਦੀ ॥

॥ ਸ੍ਰੀ ਕਲਗੀਧਰ ਜੀ ॥

ਗੁਰਾਂ ਆਖਿਆ ਵਿਚ ਦੀਵਾਨ ਸਾਡੇ ਲੈਕੇ ਆਵਣਾ ਓਸ ਮਹਾ-ਤਮਾ ਨੂੰ । ਦਰਸ਼ਨ ਕਰਨ ਦੀ ਰਿਦੇ ਉਮੰਗ ਹੋਈ ਕਦੋਂ ਦੇਖੀਏ ਰੂਪ ਪ੍ਰਮਾਤਮਾ ਨੂੰ । ਕੀਤਾ ਰੱਬਦੇ ਨਾਲ ਸਾਲੂਕ ਕੈਸਾ ਜਿੱਤੇ ਇੰਦਰੇ ਲਭਿਆ ਆਤਮਾ ਨੂੰ । ਮਿਲਿਆ ਨਾਲ ਬ੍ਰਹਮ ਦੇ ਬਚਨ ਸਿੰਘਾ ਪ੍ਰਕੇ ਛਡਿਆ ਜਗਤ ਦੇ ਖਾਤਮਾ ਨੂੰ ॥

॥ ਮੰਦਨ ॥

ਕਾਸਦ ਆਖਿਆ ਔਣ ਤੋਂ ਰੁਕੇ ਨਾਹੀਂ ਜਿਸਨੂੰ ਗਰਜ ਹੈ ਪੀਆ ਦੇ ਭਾਲਣੇ ਦੀ । ਪੰਛੀ ਕਿਸੇ ਨਾਂ ਕਿਸੇ ਖਿਆਲ ਪਿਛੇ ਖਾਲੀ ਰਖ ਦਾ ਲੋੜ ਹੈ ਆਲਣੇ ਦੀ । ਕੰਮ ਵਾਸਤੇ ਕਿਸੇ ਦੇ ਪਾਸ ਜਾਈਏ ਐਵੇਂ ਗਰਜ਼ ਕੀ ਦੇਹੀ ਨੂੰ ਘਾਲਣੇ ਦੀ । ਬਚਨ ਸਿੰਘ ਅਧੀਨਗੀ ਫੜੇ ਕਿਓਂ ਨਾ ਜਿਸਨੂੰ ਸਿੱਕ ਪਿਆਰ ਦੇ ਪਾਲਣੇ ਦੀ ॥

Digitized by Panjab Digital Library | www.panjabdigilib.org

॥ ਕਵੀਸ਼ਰੋ ਵਾਕ ॥

ਮਾਇਆ ਦੇਖ ਭਗਵੰਤ ਦੀ ਸੋਚ ਆਵੇ ਕੀ ਕੀ ਕੰਮ ਹੈ ਪਿਆ ਜਹਾਨ ਕਰਦਾ। ਇਕ ਮੰਗਦਾ ਦਰੋ ਦਰ ਭਿਖਿਆ ਨੂੰ ਇਕ ਦਰ ਦੂਸਰਾ ਦੇਖੀਏ ਦਾਨ ਕਰਦਾ। ਇਕ ਰਖਿਆ ਜੀਵ ਦੀ ਜੀਵ ਕਰਦਾ ਇਕ ਦਰ ਜੀਵ ਨੂੰ ਜੀਵ ਕੁਰਬਾਨ ਕਰਦਾ। ਇਕ ਆਖਦਾ ਹਤਿਆ ਚੀਜ ਕੀਏ ਇਕ ਤੀਰਥੀਂ ਜਾਏ ਅਸ਼ਨਾਨ ਕਰਦਾ। ਇਕ ਦੇਖਕੇ ਕੌਡੀਆਂ ਭੁਲ ਜਾਂਦਾ ਇਕ ਲੱਖ ਤੇ ਨਹੀਂ ਧਿਆਨ ਕਰਦਾ। ਇਕ ਦੇਖ ਰੁਪਏ ਨੂੰ ਖੁਦੀ ਕਰਦਾ ਇਕ ਨਹੀਂ ਕਰੋੜ ਦਾ ਮਾਨ ਕਰਦਾ। ਇਕ ਮਖਮਲੀ ਛੇਜ ਤੋਂ ਨੱਕ ਚਾੜ੍ਹੇ ਇਕ ਜਿਮੀ ਤੇ ਹਡ ਵਰਾਨ ਕਰਦਾ। ਇਕ ਸੈਹਕਦਾ ਸੁਕੀਆਂ ਰੋਟੀਆਂ ਨੂੰ ਦੁਧ ਖੀਰ ਨਾਂ ਇਕ ਪ੍ਰਵਾਨ ਕਰਦਾ। ਇਕ ਦੇਹੀ ਨੂੰ ਨਾਲ ਖੁਰਾਕ ਪਾਲੇ ਇਕ ਸਾੜ ਸਰੀਰ ਮਸਾਨ ਕਰਦਾ। ਇਕਨੂੰ ਵਗੀ ਸ਼ਤਾਨ ਦੀ ਮਾਰ ਰਾਤੀਂ ਇਕ ਬੈਠਕੇ ਯਾਦ ਭਗਵਾਨ ਕਰਦਾ। ਇਕ ਵੜੇ ਨਾਂ ਵਿਚ ਮਸੀਤ ਮੰਦਰ ਇਕ ਜਾਇਕੇ ਹਿਫ਼ਜ ਕੁਰਾਨ ਕਰਦਾ। ਇਕ ਪੂਜਦਾ ਪਥਰਾਂ ਵਟਿਆਂ ਨੂੰ ਇਕ ਤੋੜਕੇ ਸਫਾ ਮੈਦਾਨ ਕਰਦਾ। ਇਕ ਸੋਚ ਦਾ ਰੱਬਦਾ ਰੂਪ ਸਾਰਾ ਚਿਟੇ ਚੰਮਦਾ ਇਕ ਅਭਮਾਨ ਕਰਦਾ। ਖੱਲ ਦੇਖ ਸਫੈਦ ਨੂੰ ਬਚਨ ਸਿੰਘਾ ਕਾਮੀ ਆਪਣੇ ਦਾਨ ਪਰਾਨ ਕਰਦਾ ॥

॥ ਤਬਾ ॥

ਵਖੋ ਵਖਰੀ ਵਾਸ਼ਨਾਂ ਪੁਤਲਿਆਂਦੀ ਅਡੋ ਅਡਰੇ ਹੈਨ ਖਿਆਲ ਸਬਦੇ। ਰੱਬ ਦੂਸਰੇ ਜਨਮ ਅਨਸਾਫ ਕਰਦਾ ਪੂਰਬ ਜਨਮ ਦੇ ਦੇਖ ਅਮਾਲ ਸਬਦੇ। ਕੋਈ ਜੋੜਦਾ ਤੇ ਕੋਈ ਰੋੜ ਛਡੇ ਧੁਰੋ ਵਿਚ ਨਸੀਬ ਜੋ ਮਾਲ ਸਬਦੇ, ਪੈਸਾ ਆਪਣਾ ਆਪਣੇ ਕੰਮ ਆਵੇ ਸ਼ਿਰਤੇ ਚੌਦਵੀਂ ਸਦੀ ਦਾ ਕਾਲ ਸਬਦੇ। ਜਿਹਾ ਕਰੇ ਤਿਹਾ ਕੋਈ

Digitized by Panjab Digital Library | www.panjabdigilib.org

ਪਾਂਵਦਾਏ ਸਚਾ ਸਾਈਂ ਦੇਖੇ ਨਾਲੋ ਨਾਲ ਸਬਦੇ। ਅਗੇ ਸਚਿਆਂ ਹਾਕਮਾਂ ਬਚਨ ਸਿੰਘਾ ਲੇਖੇ ਹੋਣਗੇ ਸਾਫ਼ ਕਮਾਲ ਸਬਦੇ ॥

॥ ਪ੍ਰਸ਼ਨ ਮਦਨ ਦਾਸ ॥

ਮਦਨ ਦਾਸ ਨੇ ਫੇਰ ਜਵਾਬ ਦਿਤਾ ਭੋਜਨ ਤੁਸਾਂ ਦੇ ਲਈ ਤਿਆਰ ਓਥੇ। ਨਾਲੇ ਸੰਤ ਦੀ ਕਾਮਨਾਂ ਕਰੋ ਪੂਰੀ ਅਤੇ ਚਲਕੇ ਕਰੋ ਅਹਾਰ ਓਥੇ। ਓਹਵੀ ਤੁਸਾਂ ਦੇ ਦਰਸ ਨੂੰ ਤਰਸਦੇ ਨੇ ਚਲ ਤੁਸੀਂ ਵੀ ਦਿਓ ਦੀਦਾਰ ਓਥੇ। ਇਧਰ ਸ਼ੌਕ ਜੇ ਮਿਲਨ ਦਾ ਬਚਨ ਸਿੰਘਾ ਦਿਲੋਂ ਸਮਝੀਓ ਨਹੀ ਹੁਦਾਰ ਓਥੇ ॥

॥ ਕਵੀ ॥

ਓਧਰ ਪਾਪ ਅਪਰਾਧ ਦੀ ਖੜੀ ਮੂਰਤ ਧਰਮ ਸ਼ਾਂਨਤੀ ਦਇਆ ਦਾ ਮੁਖ ਏਧਰ। ਫਲ ਹੀਨ ਨਕੰਮੜੀ ਵੇਲ ਓਧਰ ਅਮਰਤ ਮੇਵਿਆਂ ਦਾ ਭਰਿਆ ਰੁਖ ਏਧਰ। ਓਧਰ ਵਿਸ਼ੇ ਦੀ ਮਰਜ਼ ਨੇ ਹਡ ਗਾਲੇ ਕੋਈ ਵਿਚ ਸਰੀਰ ਨਾਂ ਦੁਖ ਏਧਰ। ਜੋ ਕੋਈ ਜੰਮਦਾ ਸੋਈ ਬਦਮਾਸ ਓਧਰ ਸਦਾ ਨੇਕ ਸੁਲੱਖਣੀ ਕੁਖ ਏਧਰ। ਓਧਰ ਝੂਠ ਦੀ ਮੂਰਤੀ ਬਚਨ ਸਿੰਘਾ ਸਚੇ ਘਰਾਂ ਦਾ ਖਲਾ ਮਨੁਖ ਏਧਰ ॥

॥ ਸ੍ਰੀ ਦਸਮੇਸ ਜੀ ॥

ਰੂਪ ਸੰਤ ਦਾ ਦੇਖਣੇ ਚਲਦੇ ਹਾਂ ਨਹੀਂ ਤਾਂ ਜਾਣਦੀ ਕੋਈ ਦਰਕਾਰ ਨਹੀਂ ਸੀ। ਕੂੜੇ ਬੰਦਿਆਂ ਨਾਲ ਕੁਸੰਗਤਾਂ ਨੇ ਹੋਰ ਨਾਲ ਜਹਾਨ ਬੀ ਖਾਰ ਨਹੀਂ ਸੀ। ਅਤੇ ਅੰਨ ਇਥੇ ਓਥੇ ਰਬਦਾਏ ਖੇਚਲ ਕਰਨ ਦਾ ਚੁਕਣਾਂ ਭਾਰ ਨਹੀਂ ਸੀ। ਬਚਨ ਸਿੰਘ ਹਰ ਹਾਲ ਮੇ ਮੰਗਨ ਰੈਂਹਦੇ ਇਨਾਂ ਆਸ਼ਕਾਂ ਨਿੰਦ ਵਚਾਰ ਨਹੀਂ ਸੀ ॥

॥ ਦਸਮੇਸ ਜੀਦਾ ਅਨੂਪ ਕੌਰ ਦੇ ਗ੍ਰੈਹ ਮੇਂ ਜਾਣਾ ॥

ਮਦਨ ਦਾਸ ਦੀ ਅਰਜ਼ ਮਨਜ਼ੂਰ ਕਰਕੇ ਤੁਰੇ ਗੁਰੂ ਦੀਵਾਨ

Digitized by Panjab Digital Library | www.panjabdigilib.org

ਬਰਖਾਸ ਕਰਕੇ। ਨਾਲੇ ਸਿਕ ਮਹਾਂਤਮਾਂ ਦੇਖਣੇ ਦੀ ਆਈ ਦੂਸਰੀ ਸੰਗ ਅਰਦਾਸ ਕਰਕੇ। ਅਨੂਪ ਕੌਰ ਦੇ ਪਾਸ ਮਕਾਨ ਪਹੁੰਚੇ ਖਲੀ ਵਿਚ ਦਰਵਾਜੜੇ ਆਸ ਕਰਕੇ। ਦਿਲੋਂ ਸਮਝ ਸਤਵਾਦੀਆ ਪਤੀ ਪੂਰਨ ਢਠੀ ਚਰਨ ਦੇ ਵਿਚ ਨਿਵਾਸ ਕਰਕੇ। ਬਾਹੋਂ ਪਕੜ ਸਤ ਗੁਰੂ ਨੂੰ ਘਰੀਂ ਖੜਿਆ ਮੂੰਹੋਂ ਬੋਲਦੀ ਹਸ ਬਿਲਾਸ ਕਰਕੇ। ਧੰਨ ਭਾਗ ਪਿਆਰਿਆਂ ਦਰਸ਼ ਦਿਤੇ ਘਰ ਸਾਡੜੇ ਵਿਚ ਨਿਵਾਸ ਕਰਕੇ। ਹਿਰਦੇ ਸ਼ਾਨਤੀ ਸ਼ਾਨਤੀ ਵਰਤ ਗਈ ਚੌਹਾਂ ਵੈਰੀਆਂ ਦਾ ਵਿਚੋਂ ਨਾਸ਼ ਕਰਕੇ। ਐਪਰ ਪੰਜਵਾਂ ਬੁਰਾ ਕੰਬਖਤ ਯਾਰੋ ਮਾਰੇ ਪੁਰਸ਼ ਨੂੰ ਬੁਰਾ ਉਦਾਸ ਕਰਕੇ। ਬਾਝ ਇਕਦੇ ਹੋਰ ਸੰਕਲਪ ਨਾਹੀਂ ਫੁਰਦਾ ਚਿਤ ਸਵਾਸ ਸਵਾਸ ਕਰਕੇ। ਬਚਨ ਸਿੰਘ ਹੈ ਵਿਸ਼ਿਆ ਦੇ ਨਰਕ ਡਾਢਾ ਜੇਕਰ ਸੋਚੀਏ ਦਿਲੋਂ ਕਿਆਸ ਕਰਕੇ॥

॥ ਕਵੀਓ ਵਾਚ ॥

ਐਵੇਂ ਲਿਖਦਿਆਂ ਲਿਖਦਿਆਂ ਚਿਤ ਮੇਰੇ ਅਚਨ ਚੇਤ ਹੀ ਇਕ ਵਿਚਾਰ ਹੋਈ। ਲੋਕੀਂ ਕੈਹਣ ਅਸਚਰਜ ਦੀ ਬਾਤ ਯਾਰੋ ਸੁਣਕੇ ਜਾਣ ਡਾਢੀ ਅਵਾਜ਼ਾਰ ਹੋਈ। ਝੂਠ ਝੂਠ ਨ ਮੰਨਣੇ ਵਿਚ ਆਵੇ ਉਲਟੀ ਵਿਚ ਜਹਾਨ ਦੇ ਕਾਰ ਹੋਈ। ਗੁਰੂ ਪੀਰ ਨੂੰ ਕੌਣ ਭਰਮਾ ਸਕੇ ਇਹ ਤਾਂ ਹੱਦ ਬਿਹਦ ਤੋਂ ਬਾਹਰ ਹੋਈ। ਰੂਪ ਰੱਬਦਾ ਸਾਫ ਪਰਤਖ ਸਤਗੁਰ ਖੋਟੇ ਕਰਮ ਤੇ ਨਿਗਾ ਨਾਂ ਮਾਰ ਹੋਈ। ਡਿਠਾ ਸ਼ਾਨ ਖਿਆਲ ਥੀਂ ਬਚਨ ਸਿੰਘਾ ਇਸ ਕਵੀ ਦੀ ਅਕਲ ਫਰਾਰ ਹੋਈ॥

॥ ਕਵੀ ॥

ਇਸੇ ਵਾਸਤੇ ਦਸਣਾ ਯੋਗ ਮੈਨੂੰ ਕੋਈ ਕੂੜਦਾ ਜਾਲ ਨਾਂ ਤਾਣ ਬੈਠੇ। ਭਰਮ ਭੂਤਨਾ ਬੁਰੀ ਬਲਾ ਯਾਰੋ ਜਗ ਸਚ ਦਾ ਝੂਠ ਪਛਾਣ ਬੈਠੇ। ਜੋ ਜੋ ਸਮਝ ਹੋਵੇ ਇਨਾਂ ਬੰਦਿਆਂ ਦੀ ਆਪੋ ਆਪਣੀ ਬਾਤ

Digitized by Panjab Digital Library | www.panjabdigilib.org

ਨੂੰ ਠਾਣ ਬੈਠੇ। ਨਜ਼ਰ ਨੇਕ ਦੀ ਨੇਕੀਆਂ ਵੱਲ ਜਾਵੇ ਕਾਮੀ ਆਪਣੇ ਵਿਸ਼ੇ ਨੂੰ ਮਾਣ ਬੈਠੇ। ਵਿਚੋਂ ਕੈਹਣਗੇ ਇਸਤ੍ਰੀ ਰੂਪ ਮਾਇਆ ਗੁਰੂ ਜਾਣਕੇ ਕਰ ਪ੍ਰਵਾਣ ਬੈਠੇ। ਜਾਣੀ ਜਾਣ ਸਤਗੁਰੂ ਪਰ ਬਚਨ ਸਿੰਘਾ ਹਾਲ ਨਿਗਾ ਦੀ ਛਾਨਣੀ ਛਾਣ ਬੈਠੇ॥

ਕਵੀਸ਼ਰ

ਘਰੋਂ ਟੁਰਦਿਆਂ ਦੇਖਿਆ ਹਾਲ ਸਾਰਾ ਤਰਫੋਂ ਰੱਬਦੀ ਰਿਦੇ ਨਾਜੂਮ ਹੈਸੀ। ਮਦਨ ਦਾਸ ਨੂੰ ਕੈਹਣ ਦੀ ਲੋੜ ਨਾਹੀਂ ਅਗੇ ਓਸਨੂੰ ਧੁਰੋਂ ਮਲੂਮ ਹੈਸੀ। ਮੰਦੇ ਜੀਵਦਾ ਕਰਨ ਉਧਾਰ ਚਲੇ ਹੋਰ ਸਤਗੁਰੂ ਨਹੀਂ ਮਾਸੂਮ ਹੈਸੀ। ਗਏ ਸਖੀ ਬਣੌਣ ਨੂੰ ਬਚਨ ਸਿੰਘਾ ਜੀਵ ਮੂਡ ਕਦੀਮ ਦਾ ਸੂਮ ਹੈਸੀ॥

॥ ਵਾਕ ਕਵੀ ॥

ਜੋ ਕੁਝ ਵਿਚ ਨਸੀਬ ਦੇ ਲਿਖਿਆਏ ਅਗੇ ਇਸ ਮਨੁਖ ਦੇ ਆ ਜਾਂਦਾ। ਕੋਈ ਸਤਿਆਵਾਨ ਸਰੀਰ ਆਕੇ ਸਚੇ ਮਾਰਗੇ ਜੀਵ ਨੂੰ ਪਾ ਜਾਂਦਾ। ਸੰਗੀ ਪੁਰਸ਼ ਕੁਸੰਗ ਤੋਂ ਪਰੇ ਰੈਂਦਾ ਸੰਗ ਕਰੇ ਤੇ ਧਰਮ ਬਚਾ ਜਾਂਦਾ। ਪੁਰਸ਼ ਰੱਬ ਦੇ ਨਾਮ ਨੂੰ ਜਪੇ ਜੇੜਾ ਮੂਹੋਂ ਆਖਕੇ ਤੋੜ ਨਭਾ ਜਾਂਦਾ। ਧਨ ਜੋੜਕੇ ਰੋੜਨਾ ਕੰਮ ਭੈੜਾ ਨੇਕ ਪਾਕ ਜੋ ਖਟਕੇ ਖਾ ਜਾਂਦਾ। ਬਚਨ ਸਿੰਘ ਜੋ ਸਤਿਆਵਾਨ ਬੰਦਾ ਜਪੇ ਨਾਮਤੇ ਸੰਗ ਜਪਾ ਜਾਂਦਾ॥

॥ ਕਵੀ ॥

ਅਨੂਪ ਕੌਰ ਦਾ ਚਿਤ ਮਲੀਨ ਹੈਸੀ ਸੋਚ ਸਮਝਕੇ ਗਏ ਉਧਾਰ ਕਰਨੇ। ਡੂੰਗੀ ਵਿਸ਼ੇ ਵਿਕਾਰ ਦੀ ਕਾਗ ਵਿਚੋਂ ਕਿਸ਼ਤੀ ਗਏ ਨਮਾਣੀ ਦੀ ਪਾਰ ਕਰਨੇ। ਕਾਂਮ ਰੂਪ ਦੀ ਤੋੜ ਪਰੀਤ ਖੋਟੀ ਸਚੇ ਨਾਮ ਦਾ ਗਏ ਪਿਆਰ ਕਰਨੇ। ਪੰਜੇ ਫਸੀ ਸ਼ਤਾਨ ਦੇ ਅਨੂਪ ਕੌਰਾਂ ਗਏ ਸਤਗੁਰੂ ਮੇਹਰ ਥੀਂ ਬਾਹਰ ਕਰਨੇ॥

Digitized by Panjab Digital Library | www.panjabdigilib.org

॥ ਅਨੂਪ ਕੌਰ ਨੇ ਸਤਗੁਰੂ ਜੀਦਾ ਸੱਤਕਾਰ ਕਰਨਾਂ ॥

ਅਨੂਪਕੌਰ ਨੇ ਆਖਿਆ ਸਤਗੁਰੂ ਜੀ ਨੂੰ ਜਰਾ ਪਲੰਘ ਤੇ ਬੈਠ ਅਰਾਮ ਕਰੀਏ। ਭੋਜਨ ਤੁਸਾਂ ਦੇ ਲਈ ਤਿਆਰ ਕੀਤਾ ਘਰ ਅਪਣਾ ਸਮਝ ਤੁਵਾਮ ਕਰੀਏ। ਅੰਨ ਕਰੋ ਗਰੈਣ ਤੇ ਬੈਠ ਗੋਸ਼ੇ ਪੀਆ ਮਿਲਣ ਦੀ ਕੋਈ ਕਲਾਮ ਕਰੀਏ। ਸ਼ੈਦ ਹੋਵੇ ਦਰਗਾਹ ਮਨਜ਼ੂਰ ਅਰਜ਼ੀ ਤਾਂ ਫਿਰ ਸਜਣਾਂ ਪਾਸ ਬਿਸਰਾਮ ਕਰੀਏ। ਤੁਸੀਂ ਤਿਨਾਂ ਦਾ ਰੂਪ ਪਰਤਖ ਬੈਠੇ ਜਿਨੂੰ ਯਾਦ ਅਸੀਂ ਅਠੋ ਜਾਂਮ ਕਰੀਏ। ਅੱਜ ਅਖੀਆਂ ਸਾਮਣੇ ਨਜ਼ਰ ਆਵੇ ਸਰਬ ਕਾਲ ਜੇੜ੍ਹਾ ਰਾਂਮ ਰਾਂਮ ਕਰੀਏ। ਸ਼ੈਦ ਪਵੇ ਆ ਝੋਲੜੀ ਖੈਰ ਸਾਡੀ ਜੇਕਰ ਦੂਈਦਾ ਮਾਲ ਨੀਲਾਮ ਕਰੀਏ। ਜੇੜ੍ਹਾ ਗਲ ਸੁਣਾਵਦਾ ਸਜਣਾਂ ਦੀ ਕਿਓਂ ਨਾ ਓਸਨੂੰ ਲਖ ਪ੍ਰਣਾਮ ਕਰੀਏ। ਮੂੰਹੋਂ ਕਹੇ ਨਖਸਮੜੀ ਰਬ ਮਿਲਿਆ ਚਿਤ ਆਖਦਾ ਬੈਠ ਹਰਾਮ ਕਰੀਏ। ਬਚਨ ਸਿੰਘ ਜਹਾਨ ਦੀ ਛੱਡ ਲੱਜਤ ਕੋਈ ਸੋਚਦਾ ਭਗਤ ਨਿਸ ਕਾਂਮ ਕਰੀਏ ॥

॥ ਅਨੂਪ ਨੇ ਸਤਗੁਰਾਂ ਲਈ ਭੋਜਨ ਲਿਔਣਾ ॥

ਛਤੀ ਭੋਜਨਾਂ ਦਾ ਲੈਕੇ ਥਾਲ ਹਥੀਂ ਆਈ ਸਤਗੁਰਾਂ ਤਾਈਂ ਛਕਾਵਣੇ ਨੂੰ। ਲੈਕੇ ਸੀਸ ਦੀ ਨਜ਼ਰ ਮੁਰੀਦ ਜੈਸੇ ਰੁਠੇ ਪੀਰ ਨੂੰ ਟੁਰੇ ਮਨਾਵਣੇ ਨੂੰ। ਕਰੇ ਭੀਲਣੀ ਵਾਂਗਰਾਂ ਨਿਰਤ ਕਾਰੀ ਕਾਂਨ ਕ੍ਰਿਸ਼ਨ ਦੇ ਬੇਰ ਖਲਾਂਵਣੇ ਨੂੰ। ਮਿਲਿਆ ਸ਼ਾਂਮ ਜਿਓਂ ਰਾਧਕਾਂ ਰੋਵਦੀ ਨੂੰ ਚਿਤ ਭਟਕਦਾ ਗਲੇ ਲਗਾਵਣੇ ਨੂੰ। ਨਹੀਂ ਸ਼ਮਾਂ ਦੀ ਜੋਤ ਤੇ ਘੋਲ ਹੋਵੇ ਅੰਗ ਵਾਂਗ ਪਤੰਗ ਜਲਾਵਣੇ ਨੂੰ। ਐਪਰ ਜਤੀਦਾ ਧਰਮ ਸੁਮੇਰ ਜੈਸੇ ਪਾਪੀ ਰਹਿ ਅਨੇਕ ਡੁਲਾਵਣੇ ਨੂੰ। ਕੂੜਾ ਬੀਜ ਅਪ੍ਰਾਧ ਦਾ ਬਚਨ ਸਿੰਘਾ ਮਿਟੀ ਦਬੀਏ ਜੜ੍ਹਾਂ ਪਟਾਵਣੇ ਨੂੰ ॥

Digitized by Panjab Digital Library | www.panjabdigilib.org

## ॥ ਸਤਗੁਰਾਂ ਭੋਜਨ ਕਰਨਾ ॥

ਸਚੇ ਸਤਗੁਰੂ ਅੰਨ ਗਰੈਹਣ ਕਰਕੇ ਬੈਠੇ ਰਹੇ ਸੀ ਓਸ ਮਕਾਨ ਅੰਦਰ। ਨਿਰਮਲ ਚਿਤ ਸਫਾਈ ਦਾ ਵੇਸ ਸਾਰਾ ਲੀਨ ਵਾਸ਼ਨਾਂ ਬ੍ਰਹਮ ਗਿਆਨ ਅੰਦਰ । ਓਦਰ ਕਾਮ ਕਠਿਆਲੜੀ ਲਾਲ ਹੋਈ ਡਾਡਾ ਰੋਗ ਫਿਰਾਕ ਦਾ ਜਾਨ ਅੰਦਰ। ਇਕੋ ਵਸਤ ਅਨੋ ਖੜੀ ਭਾਲ ਬੈਠੀ ਕੋਈ ਚੀਜ ਨਾਂ ਹੋਰ ਧਿਆਨ ਅੰਦਰ। ਲੂੰ ਲੂੰ ਅੰਦਰੇ ਵਿਸ਼ੇਦੀ ਲੈਹਰ ਜਾਰੀ ਸਵੇਂ ਸਤਗੁਰਾਂ ਨਾਮ ਜ਼ਬਾਨ ਅੰਦਰ। ਧਰਮ ਸਤਿਆ ਰੋੜਦਾ ਬਚਨ ਸਿੰਘਾ ਇਹ ਤਾਕਤਾ ਨਫਸ ਸ਼ਤਾਨ ਅੰਦਰ ॥

## ॥ ਅਨੂਪ ਦੇ ਚਰਿਤ੍ਰ ਤੋਂ ਸਤਗੁਰੂ ਦੀ ਬਿਚਾਰ ॥

ਜਾਣੀ ਜਾਣ ਸਤਗੁਰੂ ਖਿਆਲ ਕਰਦੇ ਸਨਮੁਖ ਦੇਖ ਅਨੂਪ ਦੇ ਧੰਦਿਆਂ ਨੂੰ। ਪਿਛੇ ਵਿਸ਼ੇ ਦੇ ਲੋਕ ਖਵਾਰ ਡਾਡਾ ਸੁਚਾ ਰਾਹ ਨਾਂ ਭਾਸਦਾ ਅੰਧਿਆਂ ਨੂੰ। ਪੂਜ ਨੀਕ ਨਾਂ ਕੋਈ ਪ੍ਰਮਾਤਮਾਂ ਦਾ ਛੁਟਾ ਭੈ ਪ੍ਰਲੋਕ ਦਾ ਬੰਦਿਆਂ ਨੂੰ। ਕਾਮ ਚੇਸ਼ਟੇ ਮਾਰਕੇ ਨਾਸ਼ ਕੀਤਾ ਕਿਤੇ ਰਤਾ ਅਰਾਮ ਨਹੀਂ ਗੰਦਿਆਂ ਨੂੰ। ਸ੍ਰੇਸ਼ਟ ਸ਼ਕਲ ਗੁਣਵਾਨ ਦੀ ਨਜ਼ਰ ਆਵੇ ਵਿਚੋਂ ਭਾਲ ਬੈਠੀ ਕਰਮਾਂ ਮੰਦਿਆਂ ਨੂੰ। ਬਾਝ ਭਜਨ ਭਗਵੰਤ ਦੇ ਬਚਨ ਸਿੰਘਾ ਤੋੜੇ ਕੋਈ ਨਾਂ ਜਮਾਂ ਦੇ ਫੰਦਿਆਂ ਨੂੰ ॥

## ॥ ਅਨੂਪ ॥

ਅਨੂਪ ਕੌਰ ਨੇ ਆਖਿਆ ਬੈਠ ਜਾਈਏ ਹੁਣੇ ਪਰਤ ਮੈਂ ਆਪਦੀ ਸ਼ਰਨ ਆਵਾਂ। ਪਤੀ ਰੂਪ ਭਗਵਾਨ ਪ੍ਰਤੱਖ ਹੈਂ ਤੂੰ ਦਾਸੀ ਹੋਇਕੇ ਪਰਸਣੇ ਚਰਨ ਆਵਾਂ। ਡਾਡੀ ਮਰਜ ਸਰੀਰ ਜੋ ਵਿਚ ਮੇਰੇ ਸੰਗਤ ਬੈਠਕੇ ਆਪਦੀ ਹਰਨ ਆਵਾਂ। ਸੋਲਾਂ ਪੈਨ ਸ਼ੰਗਾਰ ਨੂੰ ਬਚਨਸਿੰਘਾ ਨੈਣੀ ਡਿਠੜੇ ਪਤੀ ਨੂੰ ਵਰਨ ਆਵਾਂ ॥

Digitized by Panjab Digital Library | www.panjabdigilib.org

॥ ਭੇਖ ਦਾ ਤਿਆਗ ॥

ਨੂਪ ਜਾਇਕੇ ਵਿਚ ਮਕਾਨ ਦੂਜੇ ਸਾਧੂ ਭੇਖ ਨੂੰ ਤਨੋਂ ਉਤਾਰਿਆ ਏ। ਜੋੜਾ ਨਾਲ ਭਬੂਤ ਅਵਧੂਤ ਹੋਇਆ ਨਾਇ ਧੋਇਕੇ ਬਦਨਸੁਧਾਰਿਆ ਏਚੰਬਾ ਕੇਵੜਾ ਮੋਤੀਆ ਜੌਹਰਪੰਜੇ ਕੇਸਾਂਕਾਲਿਆਂ ਦੇ ਵਿਚ ਡਾਰਿਆ ਏ। ਬਚਨ ਸਿੰਘ ਜਹਾਨ ਦੇ ਸ਼ੋਕ ਅੰਦਰ ਲੋਕਾਂ ਜਨਮ ਅਨੋਖੜਾ ਹਾਰਿਆ ਏ॥

॥ ਅਨੂਪ ਕੌਰ ਦਾ ਅਸਲੀ ਸੂਰਤ ਪਰ ਔਣਾ ॥

ਜ਼ੇਵਰ ਕਪੜੇ ਕਢ ਅਨੂਪ ਕੌਰਾਂ ਨਾਲ ਖੁਸ਼ੀ ਦੇ ਪਾਂਵਦੀ ਅੰਗ ਦੋਵੇਂ। ਬਸਤਰ ਅਧਿਕ ਸੁੰਦਰ ਸੂਹੇ ਸੋਸਨੀਨੇ ਵਾਵਾ ਫਬਦੇ ਬਦਨ ਤੇ ਰੰਗ ਦੋਵੇਂ। ਸੋਲਾਂ ਪੈਹਨ ਸ਼ਿੰਗਾਰ ਤਿਆਰ ਹੋਈ ਜ਼ੁਲਫ਼ਾਂ ਨਾਗ ਕਾਲੇ ਮਾਰਨ ਡੰਗ ਦੋਵੇਂ। ਨੈਣ ਮਸਤ ਖੁਮਾਰੀਆਂ ਨਸ਼ੇ ਦੀਆਂ ਚਲੇ ਪੀ ਸ਼ਰਾਬ ਤੇ ਭੰਗ ਦੋਵੇਂ। ਸੁਰਮਾਂ ਅਖੀਆਂ ਦਾ ਘਟਾ ਕਾਲੀਆਂ ਜਿਓਂ ਪਲਕੋਂ ਛੁਟ ਦੇ ਤੀਰ ਖ਼ੁਦੰਗ ਦੋਵੇਂ। ਲਾਲ ਖਾਲ ਦੇ ਕਾਮੀਆਂ ਕਰਣ ਵੈਹਸ਼ੀ ਦਸਣ ਇਸ਼ਕ ਕਮੌਣ ਦਾ ਢੰਗ ਦੋਵੇਂ। ਕਾਮ ਦੇਵ ਤੇ ਧਰਮ ਦਾ ਵੈਰ ਵਧਿਆ ਘੜੀ ਪਲਕ ਨੂੰ ਕਰਨਗੇ ਜੰਗ ਦੋਵੇਂ। ਭਲਾ ਦੇਖੀਏ ਹਾਰਦਾ ਕੌਣ ਜਿਤੇ ਰਖਣ ਲੜਨ ਦੀ ਰਿਦੇ ਉਮੰਗ ਦੋਵੇਂ। ਅਜ ਪਤਾ ਨਹੀਂ ਹੋਵਣੀ ਗਲ ਕੀਏ ਬੈਹਸ ਕਰਨ ਸਿਰਘਸੇ ਨਿਹੰਗ ਦੋਵੇਂ। ਬਚਨ ਸਿੰਘ ਮਜਾਜ ਹਕੀਕ ਡਾਢੇ ਇਸ਼ਕ ਛਡਦੇ ਸੂਲੜੀ ਟੰਗ ਦੋਵੇਂ॥

॥ ਕਵੀਸ਼ਰ ॥

ਸਤੀ ਨਾਰ ਜਿਓਂ ਪਤੀ ਦੇ ਚਿਰਾਂ ਪਿਛੋਂ ਗਲੇ ਲਗ ਉਠਾਵਣੇ ਸੋਗ ਚਲੀ। ਜੈਹਮਤ ਇਸ਼ਕ ਦੀ ਚਿਤ ਨੂੰ ਖੀਨ ਕੀਤਾ ਪਾਸੋਂ ਵੈਦ ਹਟਾਵਣੇ ਰੋਗ ਚਲੀ। ਘਰੋਂ ਛਡ ਪਦਾਰਥਾਂ ਚੰਗਿਆਂ ਨੂੰ ਜੋਗੀ ਰੂਪ ਹੋ ਧਾਰਨੇ ਜੋਗ ਚਲੀ। ਪੀਕੇ ਨਸ਼ਾ ਪਰੇਮ ਦਾ ਮਸਤ ਹੋਈ ਹਥੋਂ

Digitized by Panjab Digital Library | www.panjabdigilib.org

ਅਮਲ ਦਾ ਡੋਲ੍ਹਕੇ ਫੋਗ ਚਲੀ। ਡਾਢਾ ਭੂਤ ਵਕਾਰ ਦਾ ਪਿਆ ਛਾਇਆ ਨਸ਼ਰ ਹੋਣ ਨੂੰ ਲੋਗ ਪ੍ਰਲੋਗ ਚਲੀ। ਛਾਤੀ ਲੱਗ ਮਹਿਬੂਬ ਦੀ ਬਚਨ ਸਿੰਘਾ ਸੁਰਤੀ ਬ੍ਰਹਮ ਦਾ ਭੋਗਣੇ ਭੋਗ ਚਲੀ॥

॥ ਨਾਜ ਅਨੂਪ ਕੌਰ ॥

ਕਾਮ ਰੂਪ ਦਾ ਹੋਏ ਸਰੂਪ ਪੂਰਨ ਜਾਕੇ ਸਤਿਗੁਰਾਂ ਨੂੰ ਭਰਮਾਨ ਲਗੀ। ਖੈ ਸ਼ਾਨਤੀਧਰਮ ਦੇ ਕਰਨ ਖਾਤਰ ਕਾਮ ਰੂਪ ਦੇ ਬਾਣ ਬਰਸਾਣ ਲਗੀ। ਕਰੇ ਨਿਰਤ ਅਪੱਛਰਾਂ ਵਾਂਗ ਜੈਸੇ ਅੰਗ ਅੰਗ ਥੀਂ ਨਾਜ ਦਖਾਨ ਲਗੀ। ਦਾਸੀ ਜਿਸਤਰਾਂ ਕ੍ਰਿਸ਼ਨ ਦੀ ਰਾਧਕਾਂ ਜੀ ਪੂਰਨ ਪਤੀ ਦਾ ਨਾਮ ਧਿਆਨ ਲਗੀ। ਪੱਲਾ ਅੱਡਕੇ ਹੁਸਨ ਦੇ ਦਾਨੀਆਂ ਤੋਂ ਨਾਲ ਨਿਮਰਤਾ ਮੰਗਣੇ ਦਾਨ ਲਗੀ। ਘਰੀਂ ਸੱਦ ਜਹਾਨ ਦੇ ਮਾਲਕਾਂ ਨੂੰ ਹਾਲ ਦਿਲਾਂ ਦਾ ਬੈਠ ਸਮਝਾਨ ਲਗੀ। ਤਿਰਛੇ ਮਸਤ ਮਸ ਤਾਨੜੇ ਨੈਣ ਕਰਕੇ ਦਿਲੋਂ ਹੁਸਨ ਦਾ ਜਾਦੂੜਾ ਪਾਨ ਲਗੀ। ਨਹੀਂ ਡੋਲਦਾ ਸਤਿਆ ਵਾਨ ਬੰਦਾ ਮੱਥਾ ਨਾਲ ਸੁਮੇਰ ਦੇ ਡਾਨ ਲਗੀ। ਹਾਸਲ ਹੋਵਣੀ ਖਾਕ ਦੀ ਮੁੱਠ ਨਾਹੀਂ ਥੋਥੀ ਆਪਣੀ ਕਰਨ ਜ਼ੁਬਾਨ ਲਗੀ। ਗੁੱਡੀ ਪਾਪ ਦੀ ਸ਼ਰਮ ਤੋਂ ਰੈਹਤ ਹੋਕੇ ਦੇਖੋ ਆਪਣਾ ਆਪ ਗੁਵਾਨ ਲਗੀ। ਘੱਤੀ ਭੱਸ ਸਿਰ ਸੌਹਰਿਆਂ ਪੇਕਿਆਂ ਦੇ ਡੋਬਣ ਆਪਣਾ ਧਰਮ ਈਮਾਨ ਲਗੀ।ਡਾਢਾ ਸ਼ਰਮ ਦਾ ਦੁਖ ਹੈ ਬਚਨ ਸਿੰਘਾ ਜ਼ਿੰਦੇ ਜੀ ਦੇਖੋ ਮਰਜਾਨ ਲਗੀ॥

॥ ਕਵੀ ॥

ਅਨੂਪਕੌਰ ਦੇ ਦੇਖ ਚਲਿਤ੍ਰਾਂ ਨੂੰ ਬੈਠੇ ਰਹੇ ਸਤਿਗੁਰੂ ਅਲਮੱਸਤ ਹੈਸੀ। ਤਨ ਮਨ ਵਾਰਕੇ ਆਪਣਾ ਸੱਜਨਾਂ ਤੋਂ ਸਨਮੁਖ ਬੈਠ ਕਰ ਰਹੀ ਪ੍ਰਸਤ ਹੈਸੀ। ਹੱਥ ਜੋੜਕੇ ਲੱਖ ਸਵਾਲ ਕੀਤੇ ਹੱਥ ਵਿਚ ਨਾਂ ਆਂਵਦੀ ਵਸਤ ਹੈਸੀ। ਸਗੋਂ ਬੁੱਤ ਪ੍ਰਸਤੀਆਂ ਬੰਦਿਆਂ ਨੂੰ ਹੋਵੇ ਅਗਿਓਂ ਖੂਬ ਸ਼ਕਸਤ ਹੈਸੀ। ਪਈ ਜਾਨ ਅਨਾਜ ਨੂੰ ਤਰਸਦੀਏ

Digitized by Panjab Digital Library | www.panjabdigilib.org

ਹੇਠਾਂ ਦੂਸਰੇ ਹਥ ਦੇ ਰਸਤ ਹੈਸੀ। ਨਾਲ ਹੌਕਿਆਂ ਦੇ ਰਗਾਂ ਖ਼ੁਸ਼ਕ ਹੋਈਆਂ ਦਮ ਦਹੀਦੀ ਕਰੇ ਅਗਸਤ ਹੈਸੀ। ਲਾਕੇ ਆਪਣਾਂ ਤੇਜ ਬਲਕਾਰ ਸਾਰਾ ਜੋਤ ਭਾਂਨ ਦੀ ਹੋਗਈ ਅਸਤ ਹੈਸੀ। ਧਰਮ ਲੱਖ ਤੋਂ ਹਥ ਨਾਂ ਬਚਨ ਸਿੰਘਾ ਅੰਨੇ ਪੁਰਸ਼ ਨੂੰ ਜਾਪਦਾ ਸਸਤ ਹੈਸੀ ॥

॥ ਅਨੂਪ ਦਾ ਕਪਟ ਪ੍ਰਗਟ ਕਰਨਾਂ ॥

ਦਾਮਨ ਪਕੜ ਸਤਗੁਰੂ ਨੂੰ ਕਿਹਾ ਮੂੰਹ ਥੀਂ ਮੇਰੇ ਹਾਲ ਤੇ ਕਰੋ ਖਿਆਲ ਨੂੰ ਜੀ। ਚੁਪ ਚਾਪ ਕਿਉਂ ਸੁੰਨ ਸਮਾਧ ਬੈਠੇ ਕਿਓ ਨਹੀ ਕਟ ਦੇ ਗਲੋ ਜੰਜਾਲ ਨੂੰ ਜੀ। ਜ਼ਰਾ ਚੁਕਕੇ ਨੈਨ ਬਿਲਾਸ ਕਰੀਏ ਹੱਸ ਰੱਸਕੇ ਦਿਓ ਜਮਾਲ ਨੂੰ ਜੀ। ਕੋਈ ਸ਼ੈਦ ਜੇ ਭੁਲ ਗੁਨਾਹ ਹੋਯਾ ਦਿਲੋਂ ਛਡੀਏ ਕੂੜ ਉਬਾਲ ਨੂੰ ਜੀ। ਸਾਡੀ ਸਿਕ ਮੁਰਾਦ ਨੂੰ ਕਰੋ ਪੂਰਨ ਧੰਨ ਵੇਂਤਿਓ ਮੰਨ ਸਵਾਲ ਨੂੰ ਜੀ। ਬਹੁਤ ਦਿਨਾਂ ਤੋਂ ਤੜਫਦੀ ਜਾਨ ਮੇਰੀ ਢੂੰਡਾਂਤੁਸਾਂਦੇ ਰੋਜ ਸਵਾਲ ਨੂੰਜੀ।ਇਸ ਉਮਰਦੇ ਸਿਰਫ਼ ਅਰਾਂਮ ਬਦਲੇ ਪਾਈਆਂ ਚਿਠੀਆਂ ਦੀਨ ਦਿਆਲ ਨੂੰ ਜੀ। ਮਿੱਟੀ-ਛਾਣਕੇ ਇਸ ਜਹਾਨ ਅੰਦਰ ਅੱਜ ਲਭਿਆ ਆਪਣੇ ਲਾਲ ਨੂੰ ਜੀ। ਮੇਰਾ ਮੁਰਦਿਆਂ ਵਾਂਗ ਸਰੀਰ ਹੋਇਆ ਦਿਤਾ ਗਾਲ ਜਵਾਂ ਨੜੀ ਬਾਲ ਨੂੰ ਜੀ। ਹੋਈਆਂ ਹੱਡੀਆਂ ਭੁਗੀਆਂ ਗਮਾਂ ਅੰਦਰ ਅਖੀਂ ਤਕਣਾਂ ਸਾਡੜੇ ਹਾਲ ਨੂੰ ਜੀ। ਆਕੇ ਖੁਸ਼ੀ ਦੇ ਵਿਚ ਭਰਤਾਰ ਮੇਰੇ ਦੇਣਾ ਖਿਜਰ ਦੇ ਵਾਂਗ ਉਛਾਲ ਨੂੰ ਜੀ। ਦਾਸੀ ਜਾਣਕੇ ਮੰਨ ਸਵਾਲ ਜਾਵੇ ਕੀਤਾ ਤੁਸਾਂ ਦੀ ਬਹੁਤ ਪੜਤਾਲ ਨੂੰ ਜੀ। ਖੈਰ ਘਤੀਏ ਦੇਖ ਫਕੀਰ ਅਖੀਂ ਕਿਆ ਪਰਖਣਾ ਐਬ ਅਮਾਲ ਨੂੰ ਜੀ। ਕਦਰ ਨਹੀਂ ਬੇ ਕਦਰਿਆਂ ਬਚਨ ਸਿੰਘਾ ਬੰਦਾਂ ਸਮਝਕੇ ਸੁਟੀਏ ਮਾਲ ਨੂੰ ਜੀ ॥

॥ ਦਸਮੇਸ ਜੀ ॥

ਗੁਰਾਂ ਆਖਿਆ ਸਮਝ ਅਨੂਪ ਬੇਟਾ ਮੂੰਹੋਂ ਬਚਨ ਕੁਬਚਨ ਨੂੰ ਬੋਲੀਏ ਨਾਂ। ਕਦਮ ਰਖਕੇ ਖੋਟੀਆਂ ਸੰਗਤਾਂ ਮੇਂ ਧੋਲੇ ਮਾਂ ਤੇ

Digitized by Panjab Digital Library | www.panjabdigilib.org

ਬਾਪ ਦੇ ਰੋਲੀਏ ਨਾਂ। ਭਲੇ ਨਾਲ ਭਲਿਆਈ ਦੀ ਬਾਤ ਕਰੀਏ ਵਾਂਗਰ ਮੂਰਖਾਂ ਕੂੜ ਨੂੰ ਤੋਲੀਏ ਨਾਂ। ਭੈੜਾ ਪਾਪ ਹੈ ਪੁਰਸ਼ ਤੇ ਨਾਰੀਆਂ ਨੂੰ ਮੌਹਰਾ ਮਰਣ ਦੇ ਵਾਸਤੇ ਘੋਲੀਏ ਨਾਂ। ਸਾਨੂੰ ਸਦਿਆ ਦਰਸ਼ਣਾਂ ਕਾਰਣੇ ਤੂੰ ਹੁਣ ਭੁਲ ਸਰੂਪ ਤੇ ਭੋਲੀਏ ਨਾਂ। ਆਖਰ ਸਤਿਆ ਧਰਮ ਨੇ ਸੰਗ ਜਾਣਾਂ ਔਖੇ ਵੇਲੜੇ ਕੋਈ ਹਮਜੋਲੀਏ ਨਾਂ। ਬੰਦਾ ਜਗ ਤੇ ਬੰਦਗੀ ਕਰਨ ਆਇਆ ਰੂਪ ਕਾਗ ਹੋ ਰੂੜੀਆਂ ਫੋਲੀਏ ਨਾਂ। ਜਿਚਰ ਜੀਵੀਏ ਸਤਿਆਵਾਨ ਰਹੀਏ ਗੰਡ ਪਾਪ ਅਪ ਰਾਦ ਦੀ ਖੋਲ੍ਹੀਏ ਨਾਂ। ਘਰੀਂ ਸ਼ਰਮ ਹਯਾ ਦੇ ਨਾਲ ਬਹੀਏ ਬਾਹਰੋਂ ਦੂਸਰੇ ਮਰਦ ਨੂੰ ਟੋਲੀਏ ਨਾਂ। ਅੰਤ ਹਕ ਹਰਾਮ ਦੇ ਕੇਸ ਅੰਦਰ ਅਗੇ ਹਾਕਮਾਂ ਜਾਇਕੇ ਡੋਲੀਏ ਨਾਂ। ਰੱਬ ਆਬ ਹਯਾਤ ਦਾ ਘੁੱਟ ਦਿਤਾ ਐਵੇਂ ਮੂੰਹ ਦੇ ਵਿਚ ਪਪੋਲੀਏ ਨਾਂ। ਵਾਸਾ ਦੇਹੀ ਮਾਬੂਬ ਦਾ ਬਚਨ ਸਿੰਘਾ ਬਾਹਰ ਅੰਨਿਆਂ ਵਾਂਗ ਟਟੋਲੀਏ ਨਾਂ ॥

॥ ਅਨੂਪ ॥

ਨਾਹੀਂ ਬੋਲਿਆ ਬਚਨ ਕੁਬਚਨ ਕੋਈ ਖਾਲੀ ਚਿਤ ਦੇ ਹਾਲ ਨੂੰ ਦਸਿਆ ਏ। ਸਾਨੂੰ ਲੋੜ ਨਾਂ ਖੇਸ਼ ਕਬੀਲੜੇ ਦੀ ਚਿਤ ਚਰਣ ਭਰਤਾਰ ਦੇ ਵਸਿਆ ਏ। ਪਿਆਰੇ ਇਸ਼ਕ ਤੁਸਾਡੜਾ ਜ਼ੈਹਰ ਵਾਂਗੂੰ ਲੂੰ ਲੂੰ ਅਸਾਡੜੇ ਧਸਿਆ ਏ। ਸਾਨੂੰ ਲੋਕ ਪਰਲੋਕ ਦਾ ਭੈ ਨਾਹੀਂ ਕੂੜਾ ਫਿਕਰ ਅੰਦੇਸੜਾ ਨਸਿਆ ਏ। ਕਈਆਂ ਚਿਰਾਂ ਦੀ ਦੰਦੀਆਂ ਵਿਲਕ ਰਹੀਆਂ ਨੱਕ ਨਾਲ ਜ਼ਮੀਨ ਦੇ ਘਸਿਆ ਏ। ਜੇਕਰ ਨਾਲ ਤਕਦੀਰ ਦੇਗਲ ਕੀਤੀ ਜੈਸੇ ਸੱਪ ਕਰੁੰਡੀਏ ਡਸਿਆ ਏ। ਸੰਗੋਂ ਦਸ ਕੇ ਗੈਰ ਸਲਾਹੀਆਂ ਨੂੰ ਸਾਨੂੰ ਧਮਕੀਆਂ ਨਾਲ ਗਰਸਿਆ ਏ। ਚੰਗਾ ਚਿਤ ਦੁਖਾਵਣਾਂ ਕਿਸੇ ਦਾ ਨਹੀਂ ਲੱਕ ਜੋਰੀਆਂ ਤੇ ਕਿਓਂ ਕਸਿਆ ਏ। ਮੰਨੋ ਰੱਬ ਦੇ ਵਾਸਤੇ ਗਲ ਮੇਰੀ ਨੈਣੋ ਨੀਰ ਤੁਫ਼ਾਨ ਵਰਸਾਇਆ ਏ। ਮੇਰਾ ਰੰਗ ਸਫ਼ੈਦ ਤੋਂ ਸ਼ਾਮ ਹੋਇਆ ਜੈਸਾ ਚੰਦ ਛੁਪਾਲਿਆ

Digitized by Panjab Digital Library | www.panjabdigilib.org

ਮੱਸਿਆ ਏ। ਖਾਲੀ ਤਨ ਦੁਕਾਨ ਦੇ ਵਾਂਗ ਮੇਰਾ ਮਾਲ ਫਿਕਰ ਅੰਦੇਸੜੇ ਖੱਸਿਆ ਏ। ਮੈਨੂੰ ਜਾਨ ਗਰੀਬਣੀ ਬਚਨ ਸਿੰਘਾ ਸਾਰੇ ਜੱਗ ਜਹਾਨ ਨੇ ਹੱਸਿਆ ਏ॥

॥ ਕਲਗੀਧਰ ਜੀ ॥

ਗੁਰਾਂ ਪਰਤਕੇ ਫੇਰ ਜਵਾਬ ਦਿਤਾ ਗੰਦੇ ਕੱਢ ਜ਼ੁਬਾਨ ਦੇ ਵਾਕ ਨਾਹੀਂ। ਹੋਕਾ ਫੇਰਿਆ ਸਰੇ ਬਜਾਰ ਜੇਹੜਾ ਓਸ ਵਸਤ ਦੇ ਅਸੀਂ ਗਰ੍ਹਾਕ ਨਾਹੀਂ। ਜੇਕਰ ਨਹੀਂ ਸਫਾਈ ਦੀ ਬਾਤ ਕਰਨੀ ਘਰੋਂ ਕਿਸੇ ਨੂੰ ਮਾਰੀਏ ਹਾਕ ਨਾਹੀਂ। ਧੀ ਭੈਣ ਜਹਾਨ ਦੀ ਇਸਤ੍ਰੀ ਏ ਮੈਲੀ ਅੱਖ ਦਾ ਸਮਝੀਏ ਸਾਕ ਨਾਹੀਂ। ਕਿਹਾ ਔਤਰੀ ਘੜੀ ਦਾ ਜਨਮੁ ਤੇਰਾ ਚੋਲਾ ਧੁਰੋਂ ਸਰੀਰ ਦਾ ਪਾਕ ਨਾਹੀਂ। ਐਵੇਂ ਵਾਂਗ ਬੇ ਸਬਰਿਆਂ ਝਗੜਨੀਏਂ ਦਿਸੇ ਵਿਚ ਨਸੀਬ ਦੇ ਖ਼ਾਕ ਨਾਹੀਂ। ਹੱਕ ਆਪਣਾ ਆਪਣਾ ਆਪ ਖਾਈਏ ਦੂਜੇ ਮਾਲ ਦੀ ਰਖੀਏ ਝਾਕ ਨਾਹੀਂ। ਜੇੜੀ ਨੇਕ ਸਤਵੰਤੀਆ ਇਸਤ੍ਰੀਏ ਉਸਨੂੰ ਖਸਮਦੇ ਘਰੋਂ ਤਲਾਕਨਾਹੀਂ।ਮਿੱਟੀ ਜੱਗਦੇ ਵਿਚ ਖੁਵਾਰ ਹੋਵੇਕਦੀ ਨਿਕਲਨੋਂ ਰਹੇ ਸੂਰਾਖ ਨਾਹੀਂ। ਗੰਦੇ ਛੱਡ ਖਿਆਲ ਨੂੰ ਬਚਨ ਸਿੰਘਾ ਕੁੱਤੇ ਕਾਮ ਦੇ ਰੈਹਣ ਉਸ਼ਨਾਕ ਨਾਹੀਂ॥

॥ ਅਨੂਪ ॥

ਅਨੂਪ ਕੌਰ ਨੇ ਆਖਿਆ ਦੋਸ਼ ਨਾਹੀਂ ਜੇਕਰ ਕਿਸੇ ਦੀ ਆਸ ਪੁਜਾ ਦੇਈਏ। ਆਏ ਗਏ ਸਵਾਲੀ ਨੂੰ ਝਿੜਕੀਏ ਨਾਂ ਸਗੋਂ ਭਿਛਿਆ ਝੋਲੜੀ ਪਾ ਦੇਈਏ। ਰਾਹੀ ਧੁੱਪ ਦਾ ਮਾਰਿਆ ਖੀਨ ਹੋਵੇ ਔਗਣ ਨਹੀਂ ਜੇ ਨੀਰ ਪਿਲਾ ਦੇਈਏ। ਜੇੜਾ ਯਾਦ ਕਰਦਾ ਓਨੂੰ ਯਾਦ ਕਰੀਏ ਨਾਹੀਂ ਪ੍ਰੀਤ ਦੀ ਰੀਤ ਭੁਲਾ ਦੇਈਏ। ਨਾਹੀਂ ਹੁਸਨ ਜਮਾਲ ਦਾ ਮਾਨ ਕਰੀਏ ਤਲਬ ਵਾਲਿਆਂ ਦਰਸ ਦਖਾ ਦੇਈਏ। ਚਾਹੀਏ ਸਦਾ ਮਹਿਬੂਬ ਨੂੰ ਸੋਚ ਕਰਨੀ ਖੁਦੀ ਵਿਚ ਨਾਂ ਮਾਲ ਗੁਵਾ ਦੇਈਏ।

Digitized by Panjab Digital Library | www.panjabdigilib.org

ਕੋਈ ਕਦਮ ਦੇ ਵਿਚ ਜੇ ਆਨ ਡਿਗੇ ਲੱਤ ਮਾਰ ਨਾਂ ਪਿਛੇ ਹਟਾ ਦੇਈਏ। ਆਸ਼ਕ ਰੱਬ ਦਾ ਰੱਬ ਨੂੰ ਲਭਦਾ ਜੇ ਪਤਾ ਹੋਵੇ ਤਾਂ ਮਾਰਗੇ ਪਾ ਦੇਈਏ। ਜੌਹਰੀ ਦੇਖ ਫ਼ਰੋਕਤਾ ਰਤਨ ਕਰੀਏ ਸਮਝ ਵਾਲਿਆਂ ਹੱਥ ਵਕਾ ਦੇਈਏ। ਭਲਾ ਦੱਸ ਨਕਦਰਿਆਂ ਕਦਰ ਕਾਹਦੀ ਸਾਡੀ ਬਾਤ ਨੂੰ ਨਾਹੀਂ ਗੁਵਾ ਦੇਈਏ। ਮਾਇਆ ਮਿਲੇ ਅਨਮੁਲੜੀ ਘੁਟੀਏ ਨਾਂ ਸਗੋਂ ਫੁਕਰਿਆਂ ਹੱਥ ਫੜਾ ਦੇਈਏ। ਬੇੜੀ ਕਿਸੇ ਗਰੀਬ ਦੀ ਬਚਨ ਸਿੰਘਾ ਡੂੰਘੇ ਸਾਗਰੋਂ ਬੰਨੜੇ ਲਾ ਦੇਈਏ ॥

॥ ਕਲਗੀਧਰ ਜੀ ॥

ਜੇਕਰ ਪਾਪ ਅਪਰਾਧ ਨਾ ਦੋਸ਼ ਹੋਵੇ ਸਾਰੀ ਪਾਪ ਤੇ ਬੰਨ ਲਏ ਲੱਕ ਦੁਨੀਆਂ। ਮਾਂ ਭੈਣ ਨਾਂ ਬਾਊਂ ਕੁਬਾਊਂ ਵੇਖੇ ਦਿਲੋਂ ਤੁਰਤ ਉਠਾ ਦੇਵੇ ਸ਼ੱਕ ਦੁਨੀਆਂ। ਧੀਆਂ ਬੇਟੀਆਂ ਨਾਲ ਹਰਾਮ ਹੋਵੇ ਸਾਗਾ ਆਪਣਾ ਸਮਝ ਲਏ ਹੱਕ ਦੁਨੀਆਂ। ਛੁਟੀ ਮਿਲੇ ਦਰਗਾਹ ਤੋਂ ਪਾਪ ਨਹੀਂ ਹਿਰਦੇ ਆਪਣੇ ਥਾਪ ਲਏ ਪੱਕ ਦੁਨੀਆਂ। ਤੇਰੇ ਜੇਹੀਆਂ ਨੂੰ ਸਬਰ ਸੰਤੋਖ ਨਾਹੀਂ ਮੱਤੀ ਦੇਂਦਿਆਂ ਗਈ ਹੈ ਥੱਕ ਦੁਨੀਆਂ। ਜੇਹੜੇ ਨਿੰਦ ਵਿਚਾਰ ਨਾਂ ਰੱਖਦੇ ਨੇ ਵੱਢੇ ਤਿਨਾਂ ਦਾ ਰਗੜਕੇ ਨੱਕ ਦੁਨੀਆਂ। ਭਲੇ ਬੁਰੇ ਨੂੰ ਦੇਖਕੇ ਕੈਹਣ ਸਾਰੇ ਨਾਲ ਨੇਤਰਾਂ ਰਹੀ ਹੈ ਤੱਕ ਦੁਨੀਆਂ। ਜੇੜ੍ਹਾ ਰਤਾ ਕੁ ਭੁੱਲਕੇ ਐਬ ਕਰਦਾ ਪੜਦਾ ਦੇਂਵਦੀ ਦੁਗਣਾਂ ਚੱਕ ਦੁਨੀਆਂ। ਛੁਪੇ ਐਬ ਸੁਵਾਬ ਨਾਂ ਜੱਗ ਅੰਦਰ ਭੰਨ ਠੀਕਰਾ, ਕਰੇ ਦੋ ਡੱਕ ਦੁਨੀਆਂ। ਬਚਨ ਸਿੰਘ ਜੇ ਪਾਪ ਕਲੰਕ ਨਾਹੀਂ ਕਿਉਂ ਭਜਨ ਥੀਂ ਢੱਕਦੀ ਢੱਕ ਦੁਨੀਆਂ ॥

॥ ਅਨੂਪ ਕੌਰ ॥

ਦੁਨੀਆਂ ਨਾਲ ਅਸਾਡੜਾ ਵਾਸਤਾ ਕੀ ਇਨਾਂ ਆਸ਼ਕਾਂ ਵੱਖਰੀ ਰੀਤ ਹੋਵੇ। ਜਾਨ ਮਾਲ ਨੂੰ ਵਾਰਦੇ ਓਸ ਉਤੋਂ ਜੇਹੜੇ ਨਾਲ ਮਾਸ਼ੂਕ ਪਰੀਤ ਹੋਵੇ। ਆਸ਼ਕ ਰੱਦਦਾ ਸ਼ਰ੍ਹਾ ਦੀ ਹੱਦ ਤਾਈਂ ਜਿਦੀ ਪੀਆ

Digitized by Panjab Digital Library | www.panjabdigilib.org

ਨੂੰ ਮਿਲਣ ਦੀ ਨੀਤ ਹੋਵੇ। ਠੱਪ ਛੱਡਦਾ ਪੋਥੀਆਂ ਥੋਥੀਆਂ ਨੂੰ ਅੱਖਰ ਇਕ ਪ੍ਰੇਮ ਦਾ ਚੀਤ ਹੋਵੇ। ਜਿਚਰ ਜੀਵੀਏ ਇਸ਼ਕ ਵਸਾਰੀਏ ਨਾਂ ਸਦਾ ਮੰਦਰੀਂ ਵਾਹਦ ਮਸੀਤ ਹੋਵੇ। ਬਾਝ ਇਸ਼ਕ ਦੇ ਪੁਰਸ਼ ਗਵਾਰ ਭੌਂਦਾ ਚਾਹੇ ਸੰਤ ਅਵਧੂਤ ਅਤੀਤ ਹੋਵੇ। ਆਸ਼ਕ ਘੜੀ ਸੁਲੱਖਣੀ ਜਾਣ ਲੈਂਦੇ ਬੈਠਾ ਬਗਲ ਜਾਂ ਆਪਣਾ ਮੀਤ ਹੋਵੇ। ਗਲੇ ਲਾਇਕੇ ਜਨਮ ਸੁਧਾਰ ਲੈਂਦੇ ਛਾਤੀ ਸ਼ੀਲਤਾ ਵਰਤਕੇ ਸੀਤ ਹੋਵੇ। ਉਤਮ ਪੁਰਸ਼ ਪ੍ਰੇਮ ਦੇ ਰੰਗ ਰੱਤਾ ਕਾਇਆਂ ਇਸ਼ਕ ਦੇ ਬਾਝ ਪਲੀਤ ਹੋਵੇ। ਧਰਮ ਪਾਪ ਦੇ ਜੰਗ ਵਿੱਚ ਬਚਨ ਸਿੰਘਾ ਆਖ਼ਰ ਦੇਖੀਏ ਕਿਸਦੀ ਜੀਤ ਹੋਵੇ॥

॥ ਦਸਮੇਸ ਜੀ ॥

ਤੂੰ ਕੀ ਇਸ਼ਕ ਦੇ ਭੇਦ ਨੂੰ ਜਾਣਦੀਏਂ ਤੈਨੂੰ ਬੁੱਧ ਵਿਚਾਰ ਤੇ ਮੱਤ ਨਾਹੀਂ। ਦਾਹੜੀ ਅੱਗ ਤੇ ਚੂੰਡਿਆਂ ਖ਼ਾਕ ਪਾਵੇ ਜਿਥੇ ਸਬਰ ਸੰਤੋਖ ਤੇ ਸਤ ਨਾਹੀਂ। ਲਾਲੋ ਲਾਲ ਨੇ ਸੱਚੜੇ ਇਸ਼ਕ ਵਾਲੇ ਝੂਠੇ ਇਸ਼ਕ ਦੇ ਲੁਠਿਆਂ ਰੱਤ ਨਾਹੀਂ। ਘਰੀਂ ਰੱਬ ਦੀ ਸੋਲ੍ਹੀਆ ਬਰਸਦਾ ਏ ਰਹੇ ਲੱਜ ਆਬਰੂ ਤੇ ਪੱਤ ਨਾਹੀਂ। ਹੱਕ ਆਪਣਾ ਲੱਭਕੇ ਬੈਠ ਜਾਈਏ ਗਤੀ ਇਸ੍ਤ੍ਰੀ ਦੀ ਬਿਨਾ ਪੱਤ ਨਾਹੀਂ। ਤੇਰੇ ਜਹੀ ਸ਼ਤਾਨ ਦੀ ਮੂਰਤੀ ਨੂੰ ਲੋਕੀਂ ਦੱਸਦੇ ਪਤੀਬ੍ਰਤ ਨਾਹੀਂ। ਵਿਚ ਰੱਬ ਦੇ ਹੁਕਮ ਗੁਜਰਾਂਨ ਚਾਹੀਏ ਭਲੀ ਜੱਗ ਵਿਚ ਚੁੱਕਣੀ ਅੱਤ ਨਾਹੀਂ। ਜੇਕਰ ਹੋਵੇ ਭਲਿਆਈ ਦਾ ਕੰਮ ਕਰੀਏ ਮੰਦੇ ਕਰਮ ਮੈਂ, ਰਖੀਏ ਲੱਤ ਨਾਹੀਂ। ਕੋਈ ਮੂੰਹ ਨਾਂ ਲਾਂਵਦਾ ਭੈੜਿਆਂ ਨੂੰ ਵਾਯੂ ਅੱਗ ਰਲਾਂਵਦੇ ਤੱਤ ਨਾਹੀਂ। ਮਾਨੁੱਖ ਦੇਹ ਦੁਰਲੱਭ ਹੈ ਬਚਨ ਸਿੰਘਾ ਮਿਲਨੀ ਪੁਰਸ਼ ਨੂੰ ਫੇਰ ਪ੍ਰਤ ਨਾਹੀਂ॥

॥ ਅਨੂਪ ॥

ਬੁਰੇ ਭਲੇ ਦਾ ਕੂੜ ਸੰਕਲਪ ਫੁਰਦਾ ਕੇਹੜਾ ਦੇਖਿਆ ਕਰੇ

Digitized by Panjab Digital Library | www.panjabdigilib.org

ਹਸਾਬ ਅੱਗੇ। ਅੱਖਾਂ ਨਾਲ ਕਿਨ ਦੇਖਿਆ ਪਰੀ ਪੂਰਨ ਜੇੜ੍ਹਾ ਦਸਵੇ ਪਾਕ ਜਨਾਬ ਅੱਗੇ। ਥੋਥੇ ਭਰਮ ਨੇ ਕਾਜ਼ੀਆਂ ਪੰਡਤਾਂ ਦੇ ਪੁਛੇ ਕੌਣ ਸਵਾਲ ਜਵਾਬ ਅੱਗੇ। ਮੋਇਆਂ ਤੱਤ ਸਮਾਂਵਦੇ ਵਿਚ ਤੱਤਾਂ ਡਿੱਠੀ ਕਿਨੇ ਨਾ ਫੜੀ ਕਤਾਬ ਅੱਗੇ। ਨਾਂ ਕੋਈ ਦੂਤ ਜਮਰਾਜ ਨਾਂ ਪਕੜਦਾਏ ਚੁੱਕੇ ਕੋਈ ਨਾਂ ਤਨੋਂ ਨਕਾਬ ਅੱਗੇ। ਭਰਮ ਤੋੜਕੇ ਬੈਠ ਬਹਾਰ ਕਰੀਏ ਲਿਖੇ ਕੋਈ ਨਾਂ ਐਬ ਸਵਾਬ ਅੱਗੇ। ਪਾਇਆ ਸ਼ਸਤਰਾਂ ਕੂੜ ਦਾ ਭੈ ਐਵੇਂ ਫਿਰੇ ਆਤਮਾ ਜਿਵੇਂ ਖਵਾਬ ਅੱਗੇ। ਨਾਂ ਕੋਈ ਨਰਕ ਦੁਵਾਰ ਨਾਂ ਸੁਵਰਗ ਕੋਈ ਲਹੂ ਮਿੱਝ ਦਾ ਨਹੀਂ ਤਲਾਬ ਅੱਗੇ। ਉਠੋ ਉਠਕੇ ਦਿਓ ਦਲਾਸੜਾ ਜੀ ਤੜਫਾਂ ਮਛਲੀ ਮਿਸਲ ਬੇ ਆਬ ਅੱਗੇ। ਸੜੇ ਹੋਏ ਗਰੀਬ ਨੂੰ ਸਾੜੀਏ ਨਾਂ ਜਲ ਬਲਕੇ ਹੋਈ ਕਬਾਬ ਅੱਗੇ। ਧੱਕੇ ਮਾਰਕੇ ਹੋਰ ਨਾਂ ਪਰੇ ਸੁਟੋ ਹੋਈ ਗਮਾਂ ਦੇ ਬੈਹਰ ਗਰਕਾਬ ਅੱਗੇ। ਬਚਨ ਸਿੰਘ ਮਨ ਇਛਿਆ ਕਰੋ ਪੂਰਨ ਤੜਫਾਂ ਵਾਂਗ ਚਕੋਰ ਮਤਾਬ ਅੱਗੇ॥

॥ ਕਲਗੀਧਰ ॥

ਅੱਖੀਂ ਵਾਲਿਆਂ ਰੱਬ ਦੀ ਸ਼ਾਨ ਦਿਸੇ ਰਿਦੇ ਮੂਰਖਾਂ ਵਿਚ ਵਿਚਾਰ ਕੀਏ। ਜੌਹਰੀ ਕਦਰ ਪੈਹਚਾਨਦੇ ਮਾਨਕਾਂ ਦੀ ਪੁਰਸ਼ ਦੱਸ ਗਵਾਰ ਨੂੰ ਸਾਰ ਕੀਏ। ਜੇਹੜੇ ਆਪਣਾ ਆਪ ਪੈਛਾਨ ਬੈਠੇ ਤਿਨਾਂ ਸ਼ਰਮ ਦੀ ਲੱਗਣੀ ਕਾਰ ਕੀਏ। ਨਾਲ ਘੁੱਟ ਵਿਚਾਰ ਜੋ ਗਏ ਘੁੱਟੇ ਰੈਹਣਾਂ ਵਿਚ ਸਰੀਰ ਵਕਾਰ ਕੀਏ। ਜੇਹੜੇ ਸੀਸ ਕਲੰਕ ਥੀਂ ਕਤਲ ਹੋਏ ਹੱਕ ਤਿਨਾਂ ਤਲਵਾਰ ਦੀ ਮਾਰ ਕੀਏ। ਓਏ ਦਾਗ ਦਨਾ ਦੀ ਆਬਰੂ ਨੂੰ ਪੌਲੋ ਲੁਚਿਆਂ ਸਿਰੀਂ ਹਜਾਰ ਕੀਏ। ਜਿਨ੍ਹਾਂ ਚਲਕਿਆਂ ਗੰਦੀਆਂ ਨਾਲੀਆਂ ਨੂੰ ਓਹ ਕੀ ਜਾਣਦੇ ਨਾਮ ਦੀ ਤਾਰ ਕੀਏ। ਵਿਚੋਂ ਮੈਂ ਦੀ ਮਰਜ਼ ਨਾਂ ਦੂਰ ਕੀਤੀ ਪੌਣਾ ਯਾਰ ਦਾ ਓਨ ਦੀਦਾਰ ਕੀਏ। ਤੈਨੂੰ ਭੋਗ ਦੀ ਇਛਿਆ ਖੀਨ ਕੀਤਾ ਏਦੂੰ ਸਿਥਲ ਸਰੀਰ ਬੀਮਾਰ

Digitized by Panjab Digital Library | www.panjabdigilib.org

ਕੀਏ । ਖਲੜੀ ਵਿਚ ਪਰਲੋਕ ਦਾ ਭੈ ਨਾਹੀਂ ਭਰਿਆ ਨੇਤਰਾਂ ਵਿਚ ਗੁਬਾਰ ਕੀਏ । ਅੱਖਾਂ ਹੋਣ ਤੇ ਤੁਰਤ ਪਛਾਣ ਕਰੀਏ ਤੇਰੇ ਪਾਪ ਦਾ ਰਿਹਾ ਸ਼ੁਮਾਰ ਕੀਏ ।ਸੋਹਬਤ ਭਲੇ ਦੀ ਯੋਗ ਹੈ ਬਚਨ ਸਿੰਘਾ ਹੱਸ ਬੋਲਣਾ ਨਾਲ ਗੁਵਾਰ ਕੀਏ ॥

॥ ਅਨੂਪ ॥

ਸਮ ਦਮ ਦਾ ਰਿਦੇ ਪ੍ਰਕਾਸ਼ ਜਾਪੇ ਤ੍ਰਾਮਸ ਵਿਚ ਕਿਉਂ ਤਾੜਦੇ ਲਾਲੀਆਂ ਨੂੰ । ਦੇਣੀ ਬੁਲਬੁਲਾਂ ਗੁਲ ਦੀ ਖਾਰ ਹਰਦਮ ਧੁਰੋਂ ਰੱਬ ਦੀ ਕਸਮ ਹੈ ਮਾਲੀਆਂਨੂੰ।ਆਸ਼ਕ ਝੋਲੀਆਂ ਦੇ ਵਿਚ ਘੱਤ ਲੈਂਦੇ ਦਿੰਦੇ ਲੱਖ ਮਾਸ਼ੂਕ ਨੇ ਗਾਲੀਆਂ ਨੂੰ । ਗੁੱਸਾ ਕਰਨ ਦੀ ਭਲਾ ਮਜਾਲ ਕੀਏ ਖੁਸ਼ੀ ਦੇਖ ਸਗੋਂ ਜ਼ੁਲਫ਼ਾਂ ਕਾਲੀਆਂ ਨੂੰ । ਹੋਵੇ ਖੁਸ਼ੀ ਵਿਚਾਰੀਆਂ ਬੁਲਬੁਲਾਂ ਨੂੰ ਹਥੋਂ ਛੱਡ ਗੁਲਾਂ ਦੀਆਂ ਡ੍ਹਾਲੀਆਂ ਨੂੰ । ਦਿਤੀ ਰੱਬ ਦੀ ਚੀਜ਼ ਹੈ ਪਾਸ ਤੇਰੇ ਨਾਹੀਂ ਮੋੜੀਏ ਅਸਾਂ ਸਵਾਲੀਆਂ ਨੂੰ । ਕੋਈ ਚੀਜ਼ ਸਦੀਵ ਅਟੱਲ ਨਾਹੀਂ ਜਿਵੇਂ ਫੁੱਲ ਨਾਂ ਕਿੱਕਰਾਂ ਟਾਹਲੀਆਂ ਨੂੰ । ਕਰੀਏ ਮੌਜ ਜਹਾਨ ਤੋਂ ਚੱਲਣਾ ਏ ਜ਼ਰਾ ਛੱਡਕੇ ਭੈੜੀਆਂ ਚਾਲੀਆਂ ਨੂੰ। ਰੰਗਣ ਚੜ੍ਹੇ ਪਰੇਮ ਦੀ ਵਿਚ ਕਾਇਆਂ ਪੀਕੇ ਦੇਖੀਏ ਇਸ਼ਕ ਪਿਆਲੀਆਂ ਨੂੰ । ਬਚਨ ਸਿੰਘ ਨਾਂ ਔਰਤਾਂ ਕਾਰ ਦੂਜੀ ਸਦਾ ਵਿਸ਼ੇ ਦੀ ਗਰਜ਼ ਮੂੰਹ ਕਾਲੀਆਂ ਨੂੰ ॥

॥ ਗੁਰੂ ਜੀ ॥

ਸਮ ਜਿਸਤਰਾਂ ਏਕਤਾ ਦੇਖਣੇ ਨੂੰ ਤਿਵੇਂ ਦਮ ਵਕਾਰਾਂ ਦੇ ਨਾਸ ਕਾਰਨ । ਰਜੋ ਤਮੋ ਸਤੋ ਤਿੰਨਾਂ ਗੁਣਾਂ ਅੰਦਰ ਮੂੰਹੋਂ ਬੋਲੀਏ ਆਪਣੀ ਔਸ ਕਾਰਨ । ਧੋਖਾ ਜਾਨ ਦਾ ਤਾਮਸ਼ੀ ਬਾਝ ਦਿਸੇ ਇਥੇ ਕਾਲਕਾ ਫਿਰੇ ਗਰਾਸ ਕਾਰਨ । ਤੇਰਾ ਚਿਤ ਵਕਾਰ ਨੂੰ ਲੋਚਿਆ ਏ ਕੁੱਤਾ ਜਿਸਤਰਾਂ ਕਰੰਗ ਦੇ ਮਾਸ ਕਾਰਨ । ਐਵੇਂ ਭੱਖ ਅਭੱਖ ਨੂੰ ਭੱਖੀਏ ਨਾਂ ਕੂੜੇ ਦਮ ਦੀ.ਇਕ ਪਿਆਸ ਕਾਰਨ । ਰਸ ਕਾਮ ਹਰਾਮ ਦਾ ਕੂੜ

Digitized by Panjab Digital Library | www.panjabdigilib.org

ਸਾਰਾ ਤੂੰ ਹੈਂ ਝਗੜਦੀ ਆਪਣੀਖਾਹਸ਼ ਕਾਰਨ।ਗੈਹਰੀ ਅੱਖ ਥੀਂ ਅਸਾਂ ਨਾਂ ਤੱਕਣਾਏਂ ਆਤਮ ਦੇਵ ਦੇ ਅੰਤ ਤਰਾਸ ਕਾਰਨ। ਬਚਨ ਸਿੰਘ ਮਹਾਤਮਾਂ ਸੰਤ ਸਾਧੂ ਰਾਤਾਂ ਮੰਗਦੇ ਸਿਰਫ ਅਭਿਆਸ ਕਾਰਨ॥

॥ ਅਨੂਪ ਕੌਰ॥

ਅਨੂਪਕੌਰ ਨੇ ਫੇਰ ਜਵਾਬ ਦਿਤਾ ਐਵੇਂ ਕਾਸਨੂੰ ਵਕਤ ਗੁਜ਼ਾਰਿਆ ਜੇ। ਸਦਾ ਮੌਜ ਬਹਾਰ ਨਾਂ ਜੱਗ ਅੰਦਰ ਨਾਹੀ ਨਫ਼ਾ ਨੁਕਸਾਨ ਵਚਾਰਿਆ ਜੇ। ਸ਼ਾਂਤ ਚਿੱਤ ਅਬਾਦਤਾਂ ਨਾਲ ਹੋਇਆ ਸਬਰ ਸਤ ਸੰਤੋਖ ਨੂੰ ਧਾਰਿਆ ਜੇ। ਹਰਫ ਸ਼ਰ੍ਹਾ ਦੇ ਬੁਰਾ ਪਸਾਦ ਪਾਇਆ ਨੁਕਤਾ ਇਸ਼ਕ ਦਾ ਕਿਨੇਂ ਉਚਾਰਿਆ ਜੇ। ਨੈਨਾਂ ਕਾਲਿਆਂ ਮੈਂ ਗਰੀਬਨੀ ਨੂੰ ਗੁੱਝਾ ਤੀਰ ਕਲੇਜੜੇ ਮਾਰਿਆ ਜੇ। ਖੌਫ ਕਿਸੇ ਦੀ ਜਾਨ ਦਾ ਭਾਂਵਦਾ ਨਹੀਂ ਦਇਆ ਮੇਹਰ ਨੂੰ ਦਿਲੋਂ ਵਸਾਰਿਆ ਜੇ। ਬਾਂਦੀ ਆਪਣੀ ਸਮਝਕੇ ਆਸ ਪੂਰੋ ਮੁਫ਼ਤ ਵਿਚ ਕਿਉਂ ਵਕਤ ਗੁਜਾਰਿਆ ਜੇ। ਖਾਤ੍ਰ ਤੁਸਾਂਦੀ ਖੁਦੀ ਗੁਮਾਨ ਛੁੱਟਾ ਅਸਾਂ ਆਪਣੀ ਮੈਂ ਨੂੰ ਮਾਰਿਆ ਜੇ। ਦੂਈ ਦੂਰ ਕਰ ਬੈਠੀਏ ਪਤੀ ਮੇਰੇ ਕਿਉਂ ਐਡ ਪਸਾਰ ਪਸਾਰਿਆ ਜੇ। ਬਚਨਸਿੰਘਅਰਾਮ ਦਾ ਵਕਤ ਕੱਟੋ ਵੇਲਾ ਟੁਰਨ ਦਾ ਸੀਸ ਤੇ ਆਰਿਹਾ ਜੇ॥

॥ ਦਸਮੇਸ ਜੀ॥

ਜਿਉਂ ਜਿਉਂ ਵਿਸ਼ੇ ਦੀ ਬਾਤ ਨੂੰ ਬੰਦ ਕਰੀਏ ਸਗੋਂ ਕਾਲਜੇ ਵੱਜਦਾ ਡੰਗ ਤੇਰੇ। ਤੇਰੇ ਜਹੀ ਚੰਡਾਲ ਨਾਂ ਹੋਰ ਨਾਰੀ ਲੱਛਨ ਦੇਖਕੇ ਹੋਵੀਏ ਦੰਗ ਤੇਰੇ। ਬਹੁਤ ਦੇਰ ਹੋਈ ਝੇੜਾ ਕਰਦਿਆਂ ਨੂੰ ਕਿਤੇ ਜ਼ਰਾ ਨਹੀਂ ਬਦਲਦੇ ਢੰਗ ਤੇਰੇ। ਗੱਲਾਂ ਗੰਦੀਆਂ ਗੰਦੀਏ ਛੇੜੀਆਂ ਨੀ ਦੀਦੇ ਜ਼ਰਾ ਨਹੀਂ ਆਂਵਦੀ ਸੰਗ ਤੇਰੇ। ਤਨੋਂ ਅੰਗੀਆਂ ਲਾਇਕੇ ਨਗਨ ਹੋਵੇਂ ਫੁਟੇ ਕੋਹੜ ਕਲੰਕਨੇ ਅੰਗ ਤੇਰੇ। ਜੇਹੜੇ ਅੰਗਥੀਂ ਨਾਜ਼ ਬਨਾਇ ਦਸੇ ਖਿਜ਼ਾਂ ਕਲ ਨੂੰ ਕਰਸੀਆ ਭੰਗ ਤੇਰੇ। ਕੱਲ ਪਾਪ ਦਾ ਮਿਲੇ ਜ਼ਰੂਰ ਬਦਲਾ ਅੱਜ ਕਾਮ ਦੀ ਰਿਦੇ ਉਮੰਗ ਤੇਰੇ। ਅੰਤ ਵੇਲੜੇ

Digitized by Panjab Digital Library | www.panjabdigilib.org

ਰਗੜਸੇਂ ਅੱਡੀਆਂ ਨੂੰ ਸਾਸ ਜਿਸਮ ਮੈਂ ਹੋਣਗੇ ਤੰਗ ਤੇਰੇ। ਰੋੜ੍ਹ ਧਰਮ ਦੀ ਸੰਪਦਾ ਨੰਗ ਹੋਈਓਂ ਹੱਥੀਂ ਦਿਸੇ ਨਾਂ ਕੱਚ ਦੀ ਵੰਗ ਤੇਰੇ। ਬਚਨ ਸਿੰਘ ਭਗਵਾਨ ਪ੍ਰਤੱਖ ਜਾਣੇਂ ਪਿਆ ਸਾਹਮਣੇ ਵੇਖਦਾ ਰੰਗ ਤੇਰੇ॥

॥ ਅਨੂਪ ਕੌਰ ॥

ਆਖਰਕਾਰ ਫਿਰ ਕਿਹਾ ਅਨੂਪਕੌਰਾਂ ਪਵੇ ਮੰਨਣਾ ਬਚਨ ਜ਼ਰੂਰ ਹੈਜੀ। ਹਠੀ ਤਪੀ ਝੁਕਾਕੇ ਕਦਮ ਲਾ ਲਏ ਭੁਲਾ ਨਾਰੀਆਂ ਦਾ ਦਸਤੂਰ ਹੈ ਜੀ।ਮਾਇਆ ਇਸਤ੍ਰੀ ਪੀਰ ਅਵਤਾਰ ਮੋਹੇ ਕੀਤਾ ਕਾਸਨੂੰ ਗਿਰਾ ਗਰੂਰ ਹੈਜੀ। ਜੇਕਰ ਨਾਲ ਮੁਹੱਬਤਾਂ ਮੰਨਿਓਂ ਨਾਂ ਆਖਰ ਮਾਰਕੇ ਕਰਾਂਗੀ ਚੂਰ ਹੈਜੀ। ਨਾਲੇ ਵਿਚ ਜਹਾਨ ਦੇ ਹੋਰ ਦੇਖਾਂ ਚੰਗੀ ਵਿਚ ਨਸੀਬ ਦੇ ਹੂਰ ਹੈਜੀ। ਕਾਹਨੂੰ ਬਖਸ਼ਿਆ ਰੱਬ ਸਰੂਪ ਸੋਹਣਾ ਜੀਦ੍ਹਾ ਅੱਖੀਆਂ ਵਿਚ ਸਰੂਰ ਹੈਜੀ। ਨਿਗ੍ਹਾ ਹੇਠ ਗਰੀਬ ਅਮੀਰ ਨਾਂਹੀ ਕੀਤਾ ਚਿੱਤ ਨੂੰ ਮਸਤ ਮਾਮੂਰ ਹੈਜੀ। ਕੇਹੀੜੀ ਅਸਾਂ ਤੋਂ ਹੋਰ ਸਰੂਪ ਵੰਤੀ ਰਜਾ ਵਿਚ ਸਰਕਾਰ ਨਨਜ਼ੂਰ ਹੈਜੀ। ਮੰਨੋ ਨਾਮ ਭਗਵੰਤ ਦੇ ਫੇਰ ਆਖਾਂ ਹੋਵੇ ਦੁਖ ਅਸਾਡੜਾ ਦੂਰ ਹੈਜੀ। ਬਚਨ ਸਿੰਘ ਪ੍ਰਤਿਆ ਬਚਨ ਸਾਡਾ ਛੇਕੜ ਹੋਵਣਾ ਪਵੇ ਮਜਬੂਰ ਹੈਜੀ॥

॥ ਕਲਗੀਧਰ ਜੀ ॥

ਗੁਰਾਂ ਆਖਿਆ ਖਸਮ ਨੂੰ ਖਾਣੀਏ ਨੀਂ ਦਿਲੋਂ ਘੁੰਡੀਆਂ ਛੱਡ ਚਲਿਤਰਾਂ ਨੂੰ। ਬਿਭਚਾਰਨੇਂ ਨਹੀਂ ਅਰਾਮ ਤੈਨੂੰ ਹੱਥੋਂ ਛੱਡਣਾ ਭੁੰਨਿਆਂ ਤਿੱਤਰਾਂ ਨੂੰ। ਸਾਨੂੰ ਤੈਂਡੜੇ ਮਿਲਨ ਦਾ ਸ਼ੌਕ ਨਾਂਹੀ ਲੱਭ ਆਪਣੇ ਮੇਲ ਦਿਆਂ ਮਿੱਤਰਾਂ ਨੂੰ। ਜਬਰਦਸਤੀਆ ਨਾਲ ਜੇ ਪੇਸ਼ ਆਵੇਂ ਮਾਰਾਂ ਸੀਸ ਤੇਰੇ ਵਿਚ ਛਿੱਤਰਾਂ ਨੂੰ। ਕਾਮ ਲੂਠੀਏ ਰੋੜ੍ਹਿਆ ਸ਼ਰਮ ਤਾਂਈਂ ਦਾਗ ਛਡਿਆ ਆਪਣੇ ਪਿੱਤਰਾਂ ਨੂੰ। ਸਾਡੇ ਨਾਲ ਸਰੀਰ ਜੇ ਹੱਥ ਲਾਇਓ•ਕੱਢ ਛੱਡਸਾਂ ਮਾਰਕੇ ਨੇਤਰਾਂ ਨੂੰ। ਤੇਰੇ ਪਾਪ ਦੇ ਕੋਟ ਅੰਬਾਰ ਲੱਗੇ ਪੁਛੀਂ ਅੰਦਰੋਂ ਗੁਪਤ ਤੇ ਚਿੱਤਰਾਂ ਨੂੰ ਦਾਰੂ ਤੈਂਡੜੀ

Digitized by Panjab Digital Library | www.panjabdigilib.org

ਮਰਜ਼ ਦਾ ਹੋਰ ਦੇਸੀ ਭਾਲੀਂ ਜਾਇਕੇ ਨਵੇਂ ਧਨਿਤਰਾਂ ਨੂੰ। ਸਿਰ ਤੇ ਪੱਟੀਆਂ ਕਾਲੀਆਂ ਢਾਲੀਆਂ ਨੇ ਲਾਇ ਜੌਹਰ ਫੁਲੇਲ ਤੇ ਇੱਤਰਾਂ ਨੂੰ। ਅਮਲਾਂ ਬਾਝ ਪ੍ਰਲੋਕ ਮੈਂ ਬਚਨਸਿੰਘਾ ਜੂਤ ਬਰਸਦਾ ਬ੍ਰਾਹਮਣਾਂ ਮੈਤਰਾਂ ਨੂੰ॥

॥ ਅਨੂਪ ॥

ਏਸ ਬਚਨ ਥੀਂ ਅਤੀ ਕ੍ਰੋਧ ਕਰਕੇ ਆਈ ਘੁਲਨ ਨੂੰ ਗੁਰਾਂ ਦੇ ਅੰਗ ਉਤੇ। ਮਾਨੋਂ ਜਿਵੇਂ ਅਚਾਨਕੀ ਮਰਦ ਗਾਜੀ ਜਾਵੇ ਸਰੇ ਮੈਦਾਨ ਮੈਂ ਜੰਗ ਉਤੇ।ਬੈਠੀ ਕਪੜੇ ਲੌਹਣ ਨੂੰ ਜਾਤ੍ਰਾਂ ਦੇ ਬ੍ਰਾਹਮਣ ਜਿਸਤਰਾਂ ਪਕੜਦੇ ਰੰਗ ਉਤੇ। ਮਾਨੋਂ ਜਿਵੇਂ ਅਵਧੂਤ ਨਿਹੰਗ ਕੋਈ ਕੱਛਾਂ ਮਾਰਦਾ ਦੇਖਕੇ ਭੰਗ ਉਤੇ। ਜਿਮੀਂ ਨਾਲ ਨਾ ਲੱਗਦੇ ਪੈਰ ਦੋਵੇਂ ਢੱਠੀ ਆਨਕੇ ਤੁਰਤ ਪਲੰਘ ਉਤੇ। ਫੜਕੇ ਭੁਜਾ ਥੀਂ ਬੈਠ ਗਈ ਸਤਿਗੁਰਾਂ ਨੂੰ ਸਾਧੂ ਭਜਨ ਦੀ ਜਿਵੇਂ ਉਮੰਗ ਉਤੇ। ਨਾਲੇ ਤੋੜਿਆ ਹਾਰ ਸ਼ਿੰਗਾਰ ਸਾਰਾ ਭਾਵੀ ਵਰਤ ਗਈ ਜਿਸਤਰਾਂ ਨੰਗ ਉਤੇ। ਦੇਖ ਸ਼ਮਾ ਦੀ ਤਾਬ ਨੂੰ ਬਚਨਸਿੰਘਾ ਹੋਣੀ ਚੁਕਿਆ ਹੱਥ ਪਤੰਗ ਉਤੇ॥

॥ ਸਤਿਗੁਰਾ ਦਾ ਚਲੇ ਜਾਣਾ ॥

ਅਨੂਪ ਕੌਰ ਜਾਂ ਪਕੜਿਆ ਸਤਿਗੁਰਾਂ ਨੂੰ ਸਾਹਿਬ ਹੱਥ ਛੁਡਾਇਕੇ ਚੱਲ ਗਏ ਨੇ। ਘੱਤ ਸੀਸ ਸਵਾਹ ਦਾ ਬੁੱਕ ਹੱਥੀਂ ਨਾਲੇ ਮੂੰਹ ਨੂੰ ਕਾਲਖਾਂ ਮੱਲ ਗਏ ਨੇ। ਨਸ਼ਰ ਨਾਮ ਜਹਾਨ ਦੇ ਵਿਚ ਹੋਇਆ ਭਾਗ ਕਹੇ ਕੁਵਲੜੇ ਗੱਲ ਗਏ ਨੇ। ਪੁਤਲੇ ਧਰਮ ਦੇ ਧਰਮ ਨੂੰ ਪਾਲ ਗਏ ਕਾਮ ਮੂਰਤੀ ਦੇ ਕਰਮ ਜੱਲ ਗਏ ਨੇ। ਸੀਤਲ ਸ਼ਾਂਨਤੀ ਠੰਢ ਅਟੱਲ ਰੈਹ ਗਈ ਜੋਰ ਕਾਮ ਦੀ ਧੁੱਪ ਦੇ ਢੱਲ ਗਏ ਨੇ। ਬੂਟਾ ਸਤ ਸੰਤੋਖ ਦਾ ਕਾਇਮ ਦਿਸੇ ਖੋਹ ਤੋੜਕੇ ਪਾਪ ਦੀ ਵੱਲ ਗਏ ਨੇ। ਰਹੀ ਜਿੰਦਿਆਂ ਵਿਚ ਨਾ ਮ੍ਰਿਤੂਆ ਦੇ ਡਾਢਾ ਜਿਗਰ ਤੇ ਲਾਇਕੇ ਸੱਲ ਗਏ ਨੇ। ਟੂਣਾ ਇਕ ਨਾ ਚਲਿਆ ਧਰਮੀਆਂ ਤੇ ਬੰਦੇ ਰੱਬਦੇ ਆਖਰੀ

Digitized by Panjab Digital Library | www.panjabdigilib.org

ਛੱਲ ਗਏ ਨੇ। ਫਤੇ ਪਾਏ ਗਈ ਫੌਜ ਧਰਮ ਵਾਲੀ ਅੱਜ ਮਾਰਕੇ ਪਾਪ ਦੇ ਦੱਲ ਗਏ ਨੇ। ਬਚਨ ਸਿੰਘ ਬਲਿਹਾਰ ਬਲਿਹਾਰ ਜਾਵਾਂ ਜੇਹੜੇ ਪਾਪ ਦੇ ਭਾਰ ਨੂੰ ਠੱਲ ਗਏ ਨੇ॥

॥ ਅਨੂਪਕੌਰ ਨੇ ਚੋਰ ਚੋਰ ਕਰਕੇ ਪੁਕਾਰ ਕਰਨੀ ॥

ਜਦੋਂ ਘਰਾਂ ਥੀਂ ਸਤਿਗੁਰੂ ਬਾਹਰ ਹੋਏ ਓਸੇ ਘੜੀ ਕਰਨੇ ਚੋਰ ਚੋਰ ਲੱਗੀ। ਘਰ ਦੇ ਵਿਚ ਨਖਸਮੜੀ ਸ਼ੋਰ ਚਾਇਆ ਚੀਕਾਂ ਮਾਰਨੇ ਵਾਂਗ ਚਕੋਰ ਲੱਗੀ।ਕਹਿੰਦੀਲੁਟਕੇ ਲੈਗਿਆ ਚੋਰ ਮੈਨੂੰ ਦੇਖੋ ਮਾਰਿਆ ਦੱਸਣੇ ਖੋਰ ਲਗੀ। ਰੋਸ਼ਨ ਧਰਮ ਦਾ ਮਾਤ ਕਰ ਬਚਨਸਿੰਘਾ ਲੋਕਾਂ ਤਾਂਈਂ ਦਖਾਵਣੇ ਘੋਰ ਲੱਗੀ॥

॥ ਲੋਕਾਂ ਨੇ ਚੋਰ ਦੀ ਪੜਤਾਲ ਕਰਨੀ ॥

ਸੁਣਿਆਂ ਸ਼ੋਰ ਜਾ ਆਂਢ ਗਵਾਂਢੀਆਂ ਨੇ ਖਲਕਤ ਹੱਥ ਮੈਂ ਲੈਕੇ ਲੱਠ ਆਈ। ਹੋਕੇ ਜੁਮਲਾ ਚੋਰ ਦੇ ਮਾਰਨੇ ਨੂੰ ਓਸੇ ਘੜੀ ਬਨਾਇਕੇ ਕੱਠ ਆਈ। ਅਨੂਪ ਕੌਰ ਦਾ ਸੱਕਾ ਭਰਾ ਜੇਹੜਾ ਅਗੇ ਸਭਦੇ ਹੋਇ ਕੇ ਨਠਿਆਈ। ਗਿਆ ਚੋਰ ਨੂੰ ਮਾਰਨੇ ਬਚਨਸਿੰਘਾ ਉਲਟਾ ਸਾਮ੍ਹਣੇ ਚੋਰ ਦੇ ਢੱਠਿਆਈ॥

ਸਤਿਗੁਰਾਂ ਦਾ ਅਨੂਪ ਕੌਰ ਦੇ ਭਰਾ ਨੂੰ ਪਕੜਕੇ ਮਾਰਨਾ
ਤੇ ਸਬੂਤ ਕਰਨਾ ਕਿ ਏਹੀ ਚੋਰ ਹੈ

ਅਨੂਪਕੌਰ ਦੇ ਪਕੜ ਭਰਾ ਤਾਂਈਂ ਗੁਰਾਂ ਮਾਰਿਆ ਸੁੱਟ ਜ਼ਮੀਨ ਉਤੇ। ਪਾਪੀ ਮਾਰਨਾ ਕੰਮ ਹੈ ਸੂਰਮੇਂ ਦਾ ਦਇਆ ਧਾਰਨੀ ਯੋਗ ਹੈ ਦੀਨ ਉਤੇ। ਮੂੰਹੋਂ ਆਖਿਆ ਚੋਰ ਹੈ ਹੱਥ ਸਾਡੇ ਡੰਡਾ ਬਰਸ ਰਿਹਾ ਮੱਤ ਹੀਨ ਉਤੇ। ਇਹੋ ਚੋਰ ਦਾ ਰੂਪ ਗਵਾਰ ਵੱਡਾ ਝੂਠੇ ਨਠਿਆ ਘਰੋਂ ਯਕੀਨ ਉਤੇ। ਡਾਕੂ ਗੁਰਾਂ ਫੜਾਇਆ ਹੱਥ ਲੋਕਾਂ ਮੁੱਕੀ ਗਲ ਸੀ ਪੁਰਸ਼ ਪ੍ਰਬੀਨ ਉਤੇ। ਕੈਹਣਾ ਗੁਰਾਂ ਦਾ ਸਮਝ ਕੇ ਬਚਨ ਸਿੰਘਾ ਲੋਕੀਂ ਪ੍ਰਤ ਗਏ ਸੱਚ ਦੀ ਈਨ ਉਤੇ॥

Digitized by Panjab Digital Library | www.panjabdigilib.org

॥ ਸਤਿਗੁਰਾਂ ਦਾ ਗ੍ਰਿਹਿ ਨੂੰ ਜਾਣਾ ॥

ਗੁਰੂ ਚੋਰ ਫੜਾਇਕੇ ਜੱਗ ਤਾਂਈਂ ਆਪ ਘਰਾਂ ਦੀ ਵਲ ਸਧਾਰ ਗਏ ਨੇ। ਖੂਬ ਹੱਕ ਨਿਹੱਕ ਦੀ ਖੋਜ ਕਰਕੇ ਜੂਤ ਸੋਹਲੀਆ ਨੂਪ ਨੂੰ ਮਾਰ ਗਏ ਨੇ।ਪਿਛੋਂ ਦੇਖਿਆ ਚੋਰ ਅਨੂਪਕੌਰਾਂ ਕਿੰਦੀ ਘੱਤਕੇਸੀਸ ਮੇਂ ਛਾਰ ਗਏ ਨੇ। ਟਿੱਕਾ ਪਾਪ ਦਾ ਲਾਇਕੇ ਬਚਨ ਸਿੰਘਾ ਆਪ ਨਿਕਲ ਚੁਪ ਕੀਤੜੇ ਬਾਹਰ ਗਏ ਨੇ ॥

॥ ਕਵੀਸ਼ਰ ॥

ਕਾਮ ਬਾਜ ਦੇ ਪੰਜਿਓਂ ਬਚੇ ਸੋਈਓ ਜੇੜ੍ਹੇ ਇਸ਼ਕ ਹਕੀਕੀ ਮੈਂ ਮੱਤਿਆਏ। ਜਗਰਤ ਵਿਚ ਸਖੋਪਤੀ ਸੁਫਨ ਤੁਰੀਆ ਰੰਗ ਨਾਲ ਖ਼ੁਦਾਈ ਦੇ ਰੱਤਿਆਏ। ਨਹੀਂ ਓਹ ਬਚਨ ਸ਼ਤਾਨ ਦੇ ਧਕਿਆਂ ਤੋਂ ਜਿਨਾਂ ਅੰਨ ਦੀ ਧੜੀ ਨੂੰ ਘੱਤਿਆਏ। ਕੀਤਾ ਮਾਰ ਵਕਾਰ ਨੇ ਨਾਸ਼ ਓਹਦਾ ਜਿਸਨੇ ਰੱਬਦਾ ਹੁਕਮ ਪ੍ਰੱਤਿਆਏ। ਔਂਦੇ ਕਿਸੇ ਦੀ ਕਲਮ ਦੇ ਹੇਠ ਨਾਂਹੀ ਆਤਮ ਰੂਪ ਦੀ ਜਿਨ੍ਹਾਂ ਨੂੰ ਸੱਤਿਆਏ। ਭੋਗ ਬੁਰਾ ਪਰ ਔਰਤਾਂ ਬਚਨਸਿੰਘਾ ਤੀਰਥ ਗਿਆਂ ਨਾਂ ਉਤਰੇ ਹੱਤਿਆਏ ॥

॥ ਅਨੂਪ ਕੌਰ ਦਾ ਮਾੜੇ ਕਰਮ ਪਰ ਵਿਚਾਰ ॥

ਅਨੂਪ ਕੌਰ ਨੇ ਰਿਦੇ ਵਿਚਾਰ ਕੀਤੀ ਇਸ ਕੰਮ ਥੀਂ ਨਫਾ ਕੀ ਖੱਟਿਆ ਮੈਂ। ਲੱਖਾਂ ਛੱਡ ਅਮੋਲ ਪਦਾਰਥਾਂਨੂੰ ਵਿਸ਼ਟਾ ਨਾਲ ਜ਼ਬਾਨ ਦੇ ਚੱਟਿਆ ਮੈਂ। ਰਿਹਾ ਦੀਦ ਮੁਰੀਦ ਹਯਾ ਨਾਂਹੀ ਨਾਲ ਗਾਫਲੀ ਸਾਫ ਕਰ ਸੱਟਿਆ ਮੈਂ। ਹੱਥੀਂ ਆਪਣੀ ਜ਼ੈਹਰ ਦਾ ਬੀਜ ਬੋਇਆ ਚਿੱਤ ਡੋਲਦਾ ਨਹੀਂ ਪਲੱਟਿਆ ਮੈਂ। ਸੂਖਸ਼ਮ ਗਿਆਨ ਬਬੇਕ ਦੀ ਮੂਰਤੀ ਨੂੰ ਛੁਰੀ ਮਾਰ ਕੁਕਰਮ ਦੀ ਫੱਟਿਆ ਮੈਂ। ਬਚਨਸਿੰਘ ਜੋ ਆਖਰੀ ਮੀਤ ਮੇਰਾ ਘੱਤ ਛੱਜ ਪਿਆਰੇ ਨੂੰ ਛੱਟਿਆ ਮੈਂ ॥

॥ ਤਥਾ ॥

ਜੇੜ੍ਹੇ ਦਿਲਾਂ ਦੇ ਮੀਤ ਬਨਾ ਬੈਠੀ ਘੱਤ ਸੀਸ ਸਵਾਹ ਦਾ ਛੱਜ

Digitized by Panjab Digital Library | www.panjabdigilib.org

ਗਏ ਨੇ। ਜੋਤ ਰੱਬ ਦੀ ਧਰਮ ਦੇ ਪੁਤਲੇ ਸਨ ਗੁੱਡੀ ਸਮਝਕੇ ਪਾਪ ਦੀ ਤੱਜ ਗਏ ਨੇ। ਖੜੇ ਸੱਤਜਾਵਾਨ ਅਡੋਲ ਰੈਹ ਗਏ ਮੇਰੀ ਲਾਹਿਕੇ ਆਬਰੂ ਲੱਜ ਗਏ ਨੇ। ਕਿਧਰੇ ਸਾਂਚ ਨੂੰ ਆਂਚ ਨਾ ਜ਼ਰਾ ਡਿੱਠੀ ਭਾਂਡੇ ਕੂੜ ਕਲੰਕ ਦੇ ਭੱਜ ਗਏ ਨੇ। ਮਿੱਟੀ ਨਾਲ ਮਿਲਾਏ ਨਿਮਾਨੜੀ ਨੂੰ ਨਹੀਂ ਕੋਈ ਛੱਡਕੇ ਅਸਾਂ ਦਾ ਹੱਜ ਗਏ ਨੇ। ਮੰਦੇ ਕਰਮ ਦਾ ਖੂਬ ਇਨਸਾਫ ਹੋਇਆ ਛਿੱਤਰ ਸਿਰੀਂ ਅਚਾਨਕੀ ਵੱਜ ਗਏ ਨੇ। ਹਥੋ ਹੱਥ ਵਿਚ ਚੌਧਵੀਂ ਸਦੀ ਅੰਦਰ ਸਾਧ ਛੁੱਟ ਗਏ ਚੋਰ ਬੱਝ ਗਏ ਨੇ। ਬਚਨਸਿੰਘ ਨਾ ਭੰਗ ਸ਼ਰਾਬ ਪੀਂਦੇ ਜੇੜ੍ਹੇ ਨਾਮ ਦੇ ਨਸ਼ੇ ਥੀਂ ਰੱਜ ਗਏ ਨੇ॥

॥ਅਨੂਪਕੌਰ ਨੇ ਸਤਿਗੁਰੂ ਜੀ ਪਾਸੋਂ ਮਾਫੀ ਮੰਗਨ ਦੀ ਵਿਚਾਰ ਕਰਨੀ॥

ਅਨੂਪਕੌਰ ਨੇ ਰਿਦੇ ਵਿਚਾਰ ਕੀਤੀ ਵਿਚ ਗੁਰੂ ਦਰਬਾਰ ਦੇ ਜਾਵਸਾਂ ਮੈਂ। ਪਿਆਰੇ ਜਾਇ ਸਤਿਗੁਰੂ ਦੀ ਸ਼ਰਨ ਅੰਦਰ ਚਰਨੀਂ ਡਿੱਗ ਗੁਨਾਹ ਬਖਸ਼ਾਵਸਾਂ ਮੈਂ। ਬੁਰਕਾ ਪੈਹਨਕੇ ਸ਼ਾਂਨਤੀ ਸ਼ਰਮ ਵਾਲਾ ਰੁੱਠੇ ਗੁਰਾਂ ਨੂੰ ਜਾਇ ਮਨਾਵਸਾਂ ਮੈਂ। ਮੇਰਾ ਓਸਦੇ ਨਾਲ ਸਲੂਕ ਤਾਹੀਂਓ ਜੇਕਰ ਰਾਗ ਅਦ੍ਵੈਤ ਗੁਵਾਵਸਾਂ ਮੈਂ। ਐਵੇਂ ਵਿਗੜ ਗਈ ਕਾਲਿਆਂ ਨਾਲ ਮੇਰੀ ਹੁਣ ਧੌਲਿਆਂ ਨਾਲ ਬਨਾਵਸਾਂਮੈਂ। ਸੱਚੀ ਪਾਸ ਸਰਕਾਰ ਜਾ ਬਚਨਸਿੰਘਾ ਫਲ ਦਿਲੀਂ ਸੰਕਲਪ ਦਾ ਪਾਵਸਾਂ ਮੈਂ॥

॥ ਵਾਕ ਕਵੀ ॥

ਨੇਕਾਂ ਨਾਲ ਜੋ ਬਦੀ ਦੇ ਕਰੇ ਦਾਵੇ ਓਸ ਪੁਰਸ਼ ਦੇ ਨੈਨ ਸ਼ਰਮਾਨ ਆਖਰ। ਜਦੋਂ ਸੱਚ ਤੇ ਝੂਠ ਦਾ ਭੇਦ ਖੁਲੇ ਚਲੇ ਮੂੰਹ ਥੀਂ ਨਹੀਂ ਜਬਾਨ ਆਖਰ। ਕਾਲਾ ਰੰਗ ਸ਼ਰਮਿੰਦਗੀ ਨਾਲ ਹੋਵੇ ਜੁਸੇ ਵਿਚ ਨਾਂ ਲੱਭਦੀ ਜਾਨ ਆਖਰ। ਪਿਆ ਸੋਚਦਾ ਜ਼ੈਹਰ ਨੂੰ ਖਾਇ ਮਰੀਏ ਅਤੇ ਟੁੱਟਦਾ ਗਰਭ ਗੁਮਾਨ ਆਖਰ। ਉਠੇ ਦਿਲ ਦੇ ਵਿਚ ਵਿਚਾਰ ਡੂੰਘੀ ਭੈੜੇ ਕੰਮ ਥੀਂ ਰਿਹਾ ਨਾ ਮਾਨ ਆਖਰ। ਬਚਨ ਸਿੰਘ ਪਤਵੰਤਿਆਂ

Digitized by Panjab Digital Library | www.panjabdigilib.org

ਸ਼ਰਮ ਹੁੰਦੀ ਮਾਰੇ ਸ਼ਰਮ ਦੇ ਹੀ ਮਰਜਾਨ ਆਖਰ ॥

॥ ਅਨੂਪਕੌਰ ਨੇ ਦੀਵਾਨ ਮੈਂ ਜਾਣਾ ਵਾਸਤੇ ਭੁਲ ਬਖਸ਼ਾਉਣ ਦੇ ॥

ਅਨੂਪਕੌਰ ਅਤੀ ਸ਼ਰਮਸਾਰ ਹੋਕੇ ਪਹੁੰਚੀ ਜਾਇ ਵਿਚ ਗੁਰ ਦਰਬਾਰ ਦੇ ਜੀ। ਗਲ ਪੱਲੜਾ ਪਾਇਕੇ ਚਰਨ ਡਿੱਗੀ ਸੀਤਾ ਸਤੀ ਜਿਉਂ ਰਾਮ ਅਵਤਾਰ ਦੇ ਜੀ। ਕਹਿੰਦੀ ਰੱਬ ਦੇ ਵਾਸਤੇ ਬਖਸ਼ ਲੈਣਾ ਔਗੁਣ ਪੁਖਣੇ ਨਾਂ ਗੁਨਾਹਗਾਰ ਦੇ ਜੀ। ਦ੍ਰਿਸ਼ਟੀ ਦਯਾ ਦੀ ਕਰੋ ਗਰੀਬਨੀ ਤੇ ਜੈਸੇ ਸਕਲ ਸੰਸਾਰ ਨੂੰ ਤਾਰਦੇ ਜੀ। ਕੋਟ ਕੋਟ ਦੇ ਅਤੀ ਕੁਕਰਮੀਆਂ ਨੂੰ ਤੁਸੀਂ ਨਿਗ੍ਹਾ ਥੀਂ ਪਾਰ ਉਤਾਰਦੇ ਜੀ। ਕੀਤੇ ਤੁਸਾਂ ਦੇ ਨਾਲ ਦੁਰਬਚਨ ਜੇਹੜੇ ਕੀਜੋ ਮਾਫ ਮੈਂ ਨੀਚ ਗਵਾਰ ਦੇ ਜੀ। ਸ਼ਰਨ ਪਈ ਦੀ ਲੱਜਿਆ ਆਪ ਰਖੋ ਬਾਹੋਂ ਪਕੜਕੇ ਨਾਲ ਪਿਆਰ ਦੇ ਜੀ। ਬਖਸ਼ਨ ਹਾਰ ਕਰਤਾਰ ਦਾ ਰੂਪ ਤੇਰਾ ਵੇਲਾ ਵਕਤ ਨਾਂ ਲੋਕ ਵਿਚਾਰਦੇ ਜੀ। ਐਵੇਂ ਫਿਰੇ ਇਹ ਜੀਵ ਗਵਾਰ ਭੌਂਦਾ ਆਕੇ ਕਾਮ ਦੇ ਵਿਚ ਅਕਾਰ ਦੇ ਜੀ।ਪੂਰਨ ਰੂਪ ਨਾਰਾਇਣ ਜੋ ਬਚਨਸਿੰਘਾ ਕਾਮ ਕ੍ਰੋਧ ਹੰਕਾਰ ਨੂੰ ਮਾਰਦੇ ਜੀ ॥

॥ ਗੁਰੂ ਜੀ ॥

ਗੁਰਾਂ ਕਿਹਾ ਸ਼ਤਾਨ ਦੀ ਮੂਰਤੀ ਤੂੰ ਤੇਰਾ ਸੁਧਰਨਾ ਬਹੁਤ ਮੁਹਾਲ ਹੈ ਨੀ। ਕੌਣ ਛੱਡਕੇ ਭੋਗ ਪਦਾਰਥਾਂ ਨੂੰ ਵਿਚ ਅੱਗਦੇ ਮਾਰਦਾ ਛਾਲ ਹੈ ਨੀ। ਉਸਨੂੰ ਰੱਬ ਦਾ ਰਾਹ ਨਜ਼ਦੀਕ ਹੁੰਦਾ ਜੇਹੜਾ ਰੱਖਦਾ ਸ਼ੌਕ ਕਮਾਲ ਹੈ ਨੀ। ਪਾਪੀ ਪੁਰਸ਼ ਭਵ ਸਾਗਰੋਂ ਹੋਵੇ ਜਿਦੇ ਅੰਦਰੋਂ ਸਫਾ ਅਮਾਲ ਹੈ ਨੀ।ਗੁਝੇ ਰੋਗ ਨੇ ਸਾੜਿਆ ਚਿੱਤ ਤੇਰਾ ਝਾਤੀਮਾਰਕੇ ਦੇਖ ਲੈ ਹਾਲ ਹੈ ਨੀ। ਜਿਚਰ ਆਪਣੀ ਮੈਂ ਨੂੰ ਮਾਰੀਏ ਨਾ ਪੂਰਾ ਹੋਂਵਦਾ ਨਹੀਂ ਸਵਾਲ ਹੈ ਨੀ। ਜਿਸ ਵਸਤ ਦੀ ਅੰਦਰੋਂ ਸਿਕ ਹੋਵੇ ਪੈਹਲੇ ਦੇਖੀਏ ਨਿਗ੍ਹਾ ਉਛਾਲ ਹੈਨੀ।ਪਛੋਤਾ ਨਾਂ ਕਦੀਅਖੀਰ ਕਰੀਏ ਪੈਹਲੇ ਰਖੀਏ ਕਦਮਾਂ ਭਾਲ ਹੈ ਨੀ।ਹੁਣ ਭੁਲ ਬਖਸ਼ਾਉਣ ਨੂੰ ਚੱਲ

Digitized by Panjab Digital Library | www.panjabdigilib.org

ਆਈਓਂ ਹਥੋਂ ਰੋੜ ਸਚਾਈ ਦਾ ਮਾਲ ਹੈ ਨੀ। ਪੈਹਲਾਂ ਹੱਕ ਹਰਾਮ ਪਹਿਚਾਨਦਾ ਓਹ ਜਾਂਦਾ ਜਿਸਦਾ ਦੂਰ ਖਿਆਲ ਹੈ ਨੀ। ਤੇਰੇ ਨਹੀਂ ਸਰੀਰ ਦਾ ਪਾਕ ਦਾਮਨ ਨਾਲ ਗੰਦਕੀ ਹੋਇਆ ਬਿਹਾਲ ਹੈ ਨੀ। ਬਚਨ ਸਿੰਘ ਵਕਾਰੀਆਂ ਬੰਦਿਆਂ ਨੂੰ ਨਹੀਂ ਲੱਭਦਾ ਆਤਮਾਂ ਲਾਲ ਹੈ ਨੀ॥

॥ ਅਨੂਪ ਕੌਰ ॥

ਅਨੂਪ ਕੌਰ ਨੇ ਜੋੜਕੇ ਹੱਥ ਕਿਹਾ ਜੋ ਕੁਝ ਹੋਵਣਾ ਸਤਿਗੁਰੋ ਹੋਇਆ ਪਿਛੇ। ਭੈੜੀ ਭੁਲਕੇ ਕਰਾਂ ਕਲਾਮ ਨਾਹੀਂ ਬਹੁਤ ਸ਼ਰਮ ਦੇ ਡੈਂਡ ਨੂੰ ਸਿਹਾ ਪਿਛੇ। ਹੁਣ ਤਾਂ ਸਾਫ ਸਫਾਈ ਦੀ ਨਿਗ੍ਹਾ ਮੇਰੀ ਜੋੜ੍ਹਾ ਬੀਤਿਆ ਵਕਤ ਸੋ ਗਿਆ ਪਿਛੇ। ਗਿਆ ਵਕਤ ਨਾਂ ਆਂਵਦਾ ਹੱਥ ਮੁੜਕੇ ਘੱਟਾ ਸੀਸ ਜਹਾਨ ਦਾ ਪਿਆ ਪਿਛੇ। ਮੈਨੂੰ ਮਾਰਿਆ ਖੋਟੀਆਂ ਵਾਸ਼ਨਾਂ ਨੇਂ ਡਾਢਾ ਅਸਰ ਵਕਾਰ ਦਾ ਪਿਆ ਪਿਛੇ। ਬਖਸ਼ੋ ਖਤਾ ਨਿਮਾਣੀ ਦੀ ਬਚਨਸਿੰਘਾ ਚਿੱਤ ਸ਼ਰਮ ਦੇ ਬੋਝ ਬ੍ਹੀਂ ਢਿਹਾ ਪਿਛੇ॥

॥ ਕਲਗੀਧਰ ਜੀ ॥

ਦਿਤਾ ਫੇਰ ਜਵਾਬ ਸਤਿਗੁਰਾਂ ਅਗੋਂ ਆਦਤ ਪਈ ਦਾ ਨਿਕਲਨਾ ਤਨੋਂ ਮੁਸ਼ਕਲ। ਭੈੜੀ ਤਾਪ ਤਪਦਿਕ ਦੀ ਮਰਜ ਹੁੰਦੀ ਕਾਮਲ ਵੈਦ ਬਾਝੋਂ ਹਟੇ ਤਨੋਂ ਮੁਸ਼ਕਲ। ਗਾਜੀ ਜਿਸਤਰਾਂ ਸਰੇ ਮੈਦਾਨ ਵੜਕੇ ਜਾਵੇ ਸੀਸ ਪਰ ਨੱਠਦਾ ਰਣੋਂ ਮੁਸ਼ਕਲ। ਚੋਇਆਂ ਗਊ ਦੇ ਅੰਮ੍ਰਤ ਬਰਸਦਾਏ ਹਾਸਲ ਦੁਧ ਦਾ ਸੰਢ ਦੇ ਥਣੋਂ ਮੁਸ਼ਕਲ। ਦਾਨ ਐਬੀਆਂ ਤੋਂ ਭੁਲਾ ਪਾਪੀਆਂ ਤੋਂ ਕੰਮ ਸੌਰਨਾਂ ਸੂਮ ਦੇ ਧਨੋਂ ਮੁਸਕਲ। ਲਾਲ ਮਿਲੇ ਬਦਖਸ਼ ਦੀ ਕਾਨ ਵਿਚੋਂ ਮੋਤੀ ਆਬ ਦਾ ਲੱਭਦਾ ਬਨੋਂ ਮੁਸ਼ਕਲ। ਭੈਰੋਂ ਭੂਤ ਭਵਿੱਖਦੇ ਚੇਲਿਆਂ ਨੇ ਹਾਲ ਦਿਲਾਂ ਦਾ ਦੱਸਣਾ ਕਣੋਂ ਮੁਸ਼ਕਲ। ਬਚਨਸਿੰਘ ਅਡੋਲ ਅਟੰਕ ਭੂਮੀ ਸਾਧੂ ਜਨਾਂ ਨੂੰ ਲੱਭਦੀ ਵਣੋਂ ਮੁਸ਼ਕਲ॥

Digitized by Panjab Digital Library | www.panjabdigilib.org

॥ ਅਨੂਪ ਕੌਰ ॥

ਅਨੂਪ ਕੌਰ ਨੇ ਆਖਿਆ ਸਤਿਗੁਰੂ ਜੀ ਇਸ ਮਨ ਬੇਪੀਰ ਦਾ ਪੀਰ ਨਾਹੀਂ। ਵਿਚ ਆਣਕੇ ਖੋਟੀਆਂ ਸੰਗਤਾਂ ਦੇ ਕਰਦਾ ਪਾਪ ਤੋਂ ਕਦੀ ਖਲੀਰ ਨਾਹੀਂ। ਜਦੋਂ ਆਣਕੇ ਲਾਨਤਾਂ ਪੈਂਦੀਆਂ ਨੇ ਫਿਰ ਸੋਚਦਾ ਭਲਾ ਅਖੀਰ ਨਾਹੀਂ। ਕਿਉਂ ਵਿਸ਼ੇ ਵਿਕਾਰਾਂ ਦੇ ਮਗਰ ਲੱਗਾਂ ਜਿੱਤੀ ਇਸਦੀ ਕਿਸੇ ਨੇ ਮੀਰ ਨਾਹੀਂ।। ਆਖਰ ਰਾਹ ਸਚਾਈ ਦਾ ਪਕੜਦਾਏ ਕਿਤੇ ਪਲਕ ਵੀ ਬੰਨ੍ਹਦਾ ਧੀਰ ਨਾਹੀਂ। ਨਾਲੇ ਵਰਤਦੀ ਤੁਰਤ ਆ ਬਚਨ ਸਿੰਘਾ ਮਿਟਦੀ ਮੱਥਿਓਂ ਕਦੀ ਤਕਦੀਰ ਨਾਹੀਂ॥

॥ ਅਨੂਪ ਕੌਰ ॥

ਚਾਹੇ ਡੋਬ ਛਡੋ ਚਾਹੇ ਤਾਰ ਛਡੋ ਵਿਚ ਚਰਨ ਤੁਸਾਡੜੇ ਮਰਾਂਗੀ ਮੈਂ। ਜੇਕਰ ਅੱਜ ਦਾ ਰੋਜ ਬਤੀਤ ਹੋਇਆ ਭਲਾ ਕੱਲ ਨੂੰ ਫੇਰ ਕੀ ਕਰਾਂਗੀ ਮੈਂ। ਕੱਲ ਕੱਲ ਕਰੇਂਦਿਆਂ ਕਾਲ ਘੇਰੇ ਅਗੇ ਜਮਾਂ ਦੇ ਡੰਡ ਨੂੰ ਭਰਾਂਗੀ ਮੈਂ। ਆਕੇ ਸ਼ਰਨ ਤੁਸਾਡੜੀ ਬਚਨ ਸਿੰਘਾ ਨਾਂਹੀਂ ਕਾਲ ਜੰਜਾਲ ਤੋਂ ਡਰਾਂਗੀ ਮੈਂ॥

॥ ਅਨੂਪ ਕੌਰ ਦੇ ਖਿਆਲਾਂ ਪਰ ਗੁਰੂ ਜੀ ਦੀ ਫੇਰ ਵਿਚਾਰ ॥

ਗੁਰਾਂ ਸੋਚਿਆ ਆਪਣੇ ਚਿੱਤ ਅੰਦਰ ਅਮਲ ਇਸਦੇ ਕੁਝ ਦਰੁਸਤ ਹੋਗਏ। ਕਰਮ ਇੰਦਰੇ ਡੂੰਘੜੀ ਨੀਂਦ ਸੁਤੇ ਗਿਆਨ ਇੰਦਰੇ ਜਾਪਦੇ ਚੁਸਤ ਹੋਗਏ। ਦਿਸੇ ਸ਼ਾਂਤੀ ਚਿੱਤ ਸਰੂਪ ਇਸਦਾ ਮਾਨੋਂ ਸਰਬ ਵਿਕਾਰ ਨੇ ਸੁਸਤ ਹੋਗਏ।ਜੈਹਮਤ ਭੋਗ ਬੀਮਾਰ ਜਿਉਂ ਬਚਨ ਸਿੰਘਾ ਮਰਜ਼ੀ ਰੱਬ ਦੀ ਥੀਂ ਤੰਦਰੁਸਤ ਹੋਗਏ॥

॥ ਕਲਗੀਧਰ ਜੀ ॥

ਗੁਰਾਂ ਆਖਿਆ ਸਮਝ ਅਨੂਪ ਬੇਟਾ ਬਖਸ਼ਨ ਵਾਲੜਾ ਇਕ ਅਕਾਲ ਸਭ ਨੂੰ। ਹਰ ਹਰ ਉਦਰ ਦੇ ਵਿਚ ਪ੍ਰਕਾਸ਼ ਦਿਸੇ ਤਨਿਆਂ ਭਰਮ ਦਾ ਹੈ ਐਪਰ ਜਾਲ ਸਭ ਨੂੰ। ਤੁੱਲ ਆਪਣੇ ਜੀਵ ਨੂੰ ਰੱਬ

Digitized by Panjab Digital Library | www.panjabdigilib.org

ਜਾਣੇਂ ਦੇਖੇ ਮੇਹਰ ਦੀ ਨਿਗ੍ਹਾ ਉਠਾਲ ਸਭ ਨੂੰ। ਬੰਦਾ ਦਿਲੀ ਸੰਕਲਪ ਉਠਾਲਦਾ ਜੋ ਆਸ ਪੂਰਕੇ ਕਰੇ ਨਿਹਾਲ ਸਭ ਨੂੰ। ਲੋਕਾਂ ਗੰਦਿਆਂ ਕਦਰ ਨਾ ਓਸਦੀਏ ਦਿਲੋਂ ਉਠਦੇ ਗੈਰ ਖਿਆਲ ਸਭ ਨੂੰ। ਖੁਦ ਪਸੰਦੀਆਂ ਪੁਰਸ਼ ਨੂੰ ਮਾਰਿਆ ਹੈ ਲੈਣਾ ਓਸਦਾ ਨਾਮ ਮੁਹਾਲ ਸਭ ਨੂੰ।ਪਿਆਰੇ ਪਤੀ ਦੀ ਸਾਰ ਨਾ ਮੂਰਖਾਂ ਨੂੰ ਦੱਸੇ ਚਮਕ ਬਦਖਸ਼ ਦਾ ਲਾਲ ਸਭ ਨੂੰ। ਵਿਚ ਖੋਟੀਆਂ ਵਾਸ਼ਨਾ ਜੀਵ ਭੌਂਦਾ ਕੂੜਾ ਹਿਰਸ ਦਾ ਪਿਆ ਜੰਜਾਲ ਸਭ ਨੂੰ। ਚਿਤਰ ਗੁਪਤ ਗਵਾਹੀਆਂ ਦੇਣ ਹਰਦਮ ਪਰਖਣ ਬੈਠ ਅੰਦਰ ਨਾਲ ਨਾਲ ਸਭ ਨੂੰ। ਬਚਨ ਸਿੰਘ ਪਰ ਅੰਤ ਖੁਵਾਰ ਕਰਦਾ ਜੋੜ੍ਹਾ ਵਿਸ਼ੇ ਦਾ ਸ਼ੌਕ ਕਮਾਲ ਸਭਨੂੰ॥

॥ ਅਨੂਪ ਕੌਰ ॥

ਅਨੂਪ ਕੌਰ ਨੇ ਫੇਰ ਜਵਾਬ ਦਿਤਾ ਮੈਨੂੰ ਓਸਦਾ ਰੂਪ ਦਖਾ ਦੇਵੋ। ਬੂਟਾ ਪੁਟਿਆ ਹੋਇਆ ਗਰੀਬਨੀ ਦਾ ਮੁੜਕੇ ਫੇਰ ਜ਼ਮੀਨ ਤੇ ਲਾ ਦੇਵੋ। ਹਰ ਹਰ ਕਰਦਿਆਂ ਹਰੀ ਦਵਾਰ ਪਹੁੰਚਾਂ ਸਚੇ ਰਾਹ ਤੇ ਕਦਮ ਟਕਾ ਦੇਵੋ। ਲੱਗੀ ਰਿਦੇ ਜੋ ਮੈਲ ਜਨਮਾਂਤ੍ਰਾਂ ਦੀ ਦ੍ਰਿਸ਼ਟੀ ਦਇਆ ਦੀ ਨਾਲ ਗੁਵਾ ਦੇਵੋ। ਹੱਥ ਤੁਸਾਂ ਮਿਲਾਪ ਹੈ ਸੱਜਨਾਂ ਦਾ ਟੁੱਟੀ ਗੰਢਕੇ ਫੇਰ ਵਖਾ ਦੇਵੋ। ਹਰ ਕਾ ਭਗਤ ਤੇ ਹਰੀ ਦਾ ਰੂਪ ਇਕੋ ਕੁੱਲਾ ਉਜੜਿਆ ਪਰਤ ਵਸਾ ਦੇਵੋ। ਐਵੇਂ ਮੁੜਾਂ ਦਰਵਾਜਿਓਂ ਖਾਲੜੀ ਨਾਂ ਸਾਨੂੰ ਨਾਮ ਦੀ ਭਿਛਿਆ ਪਾ ਦੇਵੋ। ਬਚਨ ਸਿੰਘ ਕੰਗਾਲਨੀ ਹੱਥ ਜੋੜਾਂ ਜਾਣੇਂ ਜਿਸਤਰਾਂ ਆਸ ਪੁਜਾ ਦੇਵੋ॥

॥ ਸਾਫ ਹਿਰਦਾ ਦੇਖਕੇ ਸਤਿਗੁਰਾਂ ਨਾਮ ਦੀ ਬਖਸ਼ਸ਼ ਕਰਨੀ ॥

ਹਿਰਦਾ ਸਮਝਕੇ ਸਾਫ ਅਭਿਲਾਖਕਾਰੀ ਗੁਰਾਂ ਸਦਿਆ ਪਾਸ ਅਨੂਪ ਤਾਂਈਂ। ਕੀਤਾ ਨਿਗ੍ਹਾ ਥੀਂ ਤਾਂਬਿਓਂ ਤੁਰਤ ਸੋਨਾ ਦਿਲੋਂ ਕੱਟ ਦਿਤਾ ਖੋਟ ਕੂਪ ਤਾਂਈਂ। ਸਾਰਾ ਭਰਮ ਅਗਿਆਨ ਉਡਾਰ ਹੋਇਆ ਛਾਇਆ ਉਡਦੀ ਦੇਖ ਜਿਓਂ ਧੁਪ ਤਾਂਈਂ। ਅਨੂਪ ਨੇਤਰਾਂ

Digitized by Panjab Digital Library | www.panjabdigilib.org

ਨਾਲ ਪ੍ਰਤੱਖ ਡਿਠਾ ਪਰਮ ਪੁਰਖ ਦੇ ਖਾਸ ਸਰੂਪ ਤਾਂਈਂ। ਗੁਰਾਂ ਆਖਿਆ ਸਮਝ ਗਿਆਨ ਬੇਟਾ ਹਿਰਦੇ ਸਦਾ ਰਖੋ ਪਤੀ ਭੂਪ ਤਾਂਈਂ। ਅਤੇ ਨਹੀਂ ਅਰਾਧਣੀ ਕੂੜ ਕਿਰਿਆ ਨਾਂਹੀ ਤੱਕਨਾ ਗੈਰ ਕਰੂਪ ਤਾਂਈਂ। ਦ੍ਵੈਤ ਈਰਖਾ ਛੱਡ ਨਿਰਲੇਪ ਰੈਹਣਾ ਸਦਾ ਧਾਰਨਾ ਸ਼ਾਂਨਤੀ ਚੂਪ ਤਾਂਈਂ। ਜਾਪ ਕਰੋ ਪ੍ਰਭਾਤ ਨੂੰ ਬਚਨ ਸਿੰਘਾ ਨੀਂਦਰ ਛਡਕੇ ਡੂੰਘੜੀ ਘੂਕ ਤਾਂਈਂ॥

॥ ਤਥਾ ॥

ਤੀਨ ਲੋਕ ਦੀ ਸੰਪਦਾ ਹੱਥ ਆਈ ਐਪਰ ਖੋਲ੍ਹਣੀ ਬੈਠ ਅਟੰਕ ਬੇਟਾ। ਕਿਸੇ ਵਸਤ ਦੀ ਰਹੀ ਦਰਕਾਰ ਨਾਂਹੀ ਹੇਠਾਂ ਹੱਥ ਅਚਾਨਕੀ ਬੰਕ ਬੇਟਾ। ਮਾਨੋਂ ਛੁੱਟ ਗਈ ਦਿਲੋਂ ਕੰਗਾਲਤਾਈ ਭੁਖੇ ਨਾਮ ਬਿਨ ਸੀਸ ਕਲੰਕ ਬੇਟਾ। ਬਾਝ ਭਜਨ ਭਗਵੰਤ ਦੇ ਬਚਨ ਸਿੰਘਾ ਕੀੜੇ ਨਰਕ ਦੇ ਰਾਉ ਤੇ ਰੰਕ ਬੇਟਾ॥

॥ ਕਵੀਸ਼ਰ ॥

ਭੈੜੇ ਪੁਰਸ਼ ਦੇ ਰੱਬ ਨਾਂ ਪਾਪ ਦੇਖੇ ਜੇਹੜਾ ਸ਼ਰਨ ਆਵੇ ਓਹਨੂੰ ਰੱਖਦਾਏ। ਪਾਪੀ ਮਾਰਨੇ ਹੇਤ ਅਵਤਾਰ ਧਾਰੇ ਇਕੋ ਕਾਲ ਦਾ ਰੂਪ ਹੋ ਭੁੱਖਦਾਏ। ਜੇਹੜਾ ਪੁਤਲਿਆਂ ਦੇ ਚਿੱਤ ਫੁਰੇ ਫੁਰਨਾਂ ਮਾਇਆ ਸਭ ਦੇ ਦਿਲਾਂ ਦੀ ਲੱਖਦਾਏ। ਭਲੇ ਬੁਰੇ ਦੀ ਵੱਲ ਨਿਗਾਹ ਰਹਿੰਦੀ ਨਾਲ ਨੇਤਰਾਂ ਤੁਰਤ ਪਰੱਖਦਾਏ। ਜਿਹਾ ਪੁਰਸ਼ ਤੇ ਤਹੀ ਮੁਰਾਦ ਦੇਵੇ ਰੱਖੇ ਜ਼ਰਾ ਲਿਹਾਜ ਨਾਂ ਅੱਖਦਾਏ। ਕਰੀਏ ਕੰਮ ਜਹਾਨ ਤੇ ਬਚਨ ਸਿੰਘਾ ਧੁਰੋਂ ਹੁਕਮ ਜੋ ਪੁਰਖ ਅਲੱਖਦਾਏ॥

॥ ਅਨੂਪ ਕੌਰ ॥

ਮੇਰੇ ਰਖਿਆ ਨੰਗ ਨਮੂਜ ਤਾਂਈਂ ਅਨੂਪ ਕੌਰ ਨੇ ਬੇਨਤੀ ਫੇਰ ਕੀਤੀ। ਤੁਸਾਂ ਜ਼ਬਰ ਕਰ ਛਡਿਆ ਰੂਪ ਮੇਰਾ ਡਾਢੀ ਵਿਸ਼ੇ ਵਿਕਾਰ ਨੇ ਜ਼ੋਰ ਕੀਤੀ।ਸਚੇ ਇਸ਼ਕ ਦੇ ਜੋੜ ਨਾ ਹੋਰ ਲੱਜਤ ਲੋਕਾਂ ਗਫਲਤਾਂ

Digitized by Panjab Digital Library | www.panjabdigilib.org

ਦੇ ਵਿਚ ਡੇਰ ਕੀਤੀ। ਲਾਵੀਂ ਰੋਗ ਸ਼ਤਾਨ ਨਾਂ ਫੇਰ ਰੱਬਾ ਅਗੇ ਨਾਲ ਅਸਾਡੜੇ ਵੈਰ ਕੀਤੀ। ਮੈਨੂੰ ਨੀਚ ਤੋਂ ਊਚ ਦੀ ਸ਼ਕਲ ਕੀਤਾ ਦ੍ਰਿਸ਼ਟੀ ਦਇਆ ਦੀ ਵਾਂਗ ਕੁਬੇਰ ਕੀਤੀ। ਲਈ ਓਟ ਜਿਨ ਗੁਰਾਂ ਦੀ ਬਚਨ ਸਿੰਘਾ ਬਿਰਤੀ ਵੇਹਦਿਆਂ ਵਾਂਗ ਸੁਮੇਰ ਕੀਤੀ॥

॥ ਦਸਮੇਸ ਜੀ ॥

ਮਿਲਿਆ ਆਣ ਨਸੀਬ ਦੇ ਨਾਲ ਤੈਨੂੰ ਧੁਰੋਂ ਵਿਚ ਤਕਦੀਰ ਜੋ ਲਿਖਿਆ ਸੀ। ਪੂਰਬ ਜਨਮ ਦੇ ਕਰਮ ਕਮਾਲ ਤੇਰੇ ਲਈ ਕਿਸੇ ਇਨਸਾਨ ਤੋਂ ਸਿਖਿਆ ਸੀ। ਤੇਰੇ ਸਾਸ ਗਰਾਸ ਦੀ ਔਧ ਲੰਮੀ ਚੱਟੀ ਨਾਲ ਜ਼ਬਾਨ ਦੇ ਬਿਖਿਆ ਸੀ। ਬਚਨ ਸਿੰਘ ਨਾਂ ਮੰਨਦਾ ਚਿੱਤ ਤੇਰਾ ਦਰ ਦਰ ਮੰਗਣੀ ਭੋਲੀਏ ਭਿਖਿਆ ਸੀ॥

॥ ਅਨੂਪ ਕੌਰ ॥

ਹੁਣ ਘਰਾਂ ਦੀ ਵੱਲ ਧਿਆਨ ਮੇਰਾ ਹੁਕਮ ਤੁਸਾਂ ਦਾ ਪਾਇਕੇ ਚੱਲ ਜਾਵਾਂ। ਹਰਦਮ ਗਿਆਨ ਬਬੇਕ ਦੀ ਬੁਧ ਬਖਸ਼ੋ ਐਵੇਂ ਫੇਰ ਨਾਂ ਕਦਮ ਤੋਂ ਹੱਲ ਜਾਵਾਂ। ਤੇਰੀ ਓਟ ਸਹਾਰੜਾ ਰਹੇ ਮੈਨੂੰ ਕਿਤੇ ਭੁੱਲ ਨਾਂ ਤੁਸਾਂ ਨੂੰ ਪੱਲ ਜਾਵਾਂ। ਮਤਾਂ ਭੁੱਲਕੇ ਫੇਰ ਮੈਂ ਬਚਨਸਿੰਘਾ ਪੁਤਲੀ ਲੂਣ ਦੀ ਵਾਂਗਰਾਂ ਗੱਲ ਜਾਵਾਂ॥

॥ ਗੁਰੂ ਜੀ ॥

ਗੁਰਾਂ ਆਖਿਆ ਘਰਾਂ ਦੀ ਵੱਲ ਜਾਵੋ ਦਿਲੋਂ ਫਿਕਰ ਅੰਦੇਸੜਾ ਕੱਢ ਬੇਟਾ। ਅੱਖਾਂ ਦਿਤੀਆਂ ਰੱਬ ਨੇ ਦੇਖ ਲੈਣਾ ਸਵ੍ਹੇਂ ਖੂਹ ਖੜੱਲ ਜੋ ਖੱਡ ਬੇਟਾ। ਛੱਤੀ ਛੱਡ ਪਦਾਰਥਾਂ ਚੰਗਿਆਂ ਨੂੰ ਕੁਤੇ ਵਾਂਗ ਨਾਂ ਚੱਬੀਏ ਹੱਡ ਬੇਟਾ। ਓਸ ਫੇਰ ਵਿਕਾਰ ਨੂੰ ਤੱਕਨਾ ਕੀ ਇਕ ਵਾਰ ਜੋ ਛਡਿਆ ਛੱਡ ਬੇਟਾ। ਪੀਆ ਆਪਣੇ ਨਾਲ ਪ੍ਰੀਤ ਕਰਨੀ ਰੈਹਣਾ ਇਸ ਜਹਾਨ ਤੋਂ ਅੱਡ ਬੇਟਾ। ਨਾਲ ਭਜਨ ਭਗਵੰਤ ਦੇ ਬਚਨਸਿੰਘਾ ਜੜ੍ਹ ਵਿਸ਼ੇ ਵਿਕਾਰ ਦੀ ਵੱਢ ਬੇਟਾ॥

Digitized by Panjab Digital Library | www.panjabdigilib.org

॥ ਅਨੂਪ ਕੌਰ ਦਾ ਗ੍ਰੈਹ ਨੂੰ ਜਾਣਾ ॥

ਪਾਕੇ ਗੁਰਾਂ ਦਾ ਹੁਕਮ ਅਨੂਪ ਕੌਰਾਂ ਪਹੁੰਚੀ ਜਾਏ ਵਿਚ ਖੇਸ਼ ਕਬੀਲੜੇ ਜੀ। ਜਮਾਂ ਪਕੜਿਆ ਜਿੰਦ ਨਿਮਾਨੜੀ ਨੂੰ ਫਿਰ ਚੱਲਣੇਂ ਨਹੀਂ ਗ਼ੀਲੜੇ ਜੀ। ਅਗੇ ਡਾਢਿਆਂ ਚੱਲ ਹਸਾਬ ਦੇਣਾ ਓਹਨਾਂ ਛੁੱਟਣਾ ਕਿਸੇ ਨਾਂ ਹੀਲੜੇ ਜੀ। ਬਚਨ ਸਿੰਘ ਸਰਕਾਰ ਦੀ ਹਾਜ਼ਰੀ ਮੇਂ ਚੇਹਰੇ ਹੋਵਣੇ ਗਮਾਂ ਥੀਂ ਪੀਲੜੇ ਜੀ॥

॥ ਕਵੀਸ਼ਰ ਦੀ ਪ੍ਰਾਰਥਨਾਂ ॥

ਜੱਗ ਕਾਲ ਦਾ ਸਭ ਗਰਾਸ ਦਿਸੇ ਕੋਈ ਅੱਜ ਤੇ ਮਰੇਗਾ ਕੱਲ ਕੋਈ। ਇਕ ਸਿਰਫ ਭਗਵੰਤ ਦੇ ਨਾਮ ਬਾਝੋਂ ਵਸਤ ਰਹੇ ਨਾਂ ਹੋਰ ਅਟੱਲ ਕੋਈ। ਕੋਈ ਲੱਭਦਾ ਮੈਹਲ ਤੇ ਮਾੜੀਆਂ ਨੂੰ ਚਿਟੇ ਰੰਗ ਦੀ ਭਾਲਦਾ ਖੱਲ ਕੋਈ। ਐਵੇਂ ਜਨਮ ਮਨੁੱਖ ਨੇ ਹਾਰਿਆਏ ਲਾਭ ਹੇਤ ਨਾਂ ਸਿਖਿਆ ਵੱਲ ਕੋਈ। ਵਿਚ ਖੁਦੀ ਖੁਦਾ ਨੂੰ ਭੁੱਲ ਬੈਠਾ ਖੁਦੀ ਛੱਡ ਨਾਂ ਸਿਮਰਿਆ ਪੱਲ ਕੋਈ। ਬਚਨ ਸਿੰਘ ਹੁਣ ਕਾਸਦਾ ਮਾਨ ਕਰਨਾ ਤੋੜ ਚੜ੍ਹੀ ਨਾਂ ਅਸਾਂ ਤੋਂ ਗੱਲ ਕੋਈ॥

॥ ਬਾਬਾ ਹਰੀ ਸਿੰਘ ਜੀ ਦੀ ਉਸਤਤ ॥

ਧੰਨ ਧੰਨ ਹੈਂ ਤੂੰ ਹਰੀ ਸਿੰਘ ਬਾਬਾ ਤੇਰਾ ਰੂਪ ਪ੍ਰਤੱਖ ਕਰਤਾਰ ਦਾਏ। ਜਿਧਰ ਮੇਹਰ ਦੀ ਨਿਗ੍ਹਾ ਉਠਾਲ ਦੇਖੇਂ ਬੇੜਾ ਪਾਰ ਹੋਵੇ ਗੁਨਾਹਗਾਰ ਦਾਏ। ਅਸਾਂ ਜੇਹਾਂ ਨਿਮਾਣਿਆਂ ਬੰਦਿਆਂ ਨੂੰ ਸਿਰਫ ਆਸਰਾ ਤੁਧ ਸਰਕਾਰ ਦਾਏ। ਜਿਵੇਂ ਇਸਤ੍ਰੀ ਸਤੀ ਨੂੰ ਪੈਹਰ ਅੱਠੇ ਪ੍ਰੇਮ ਚਿਤ ਦੇ ਵਿਚ ਭਰਤਾਰ ਦਾਏ। ਮੀਂਹ ਬਾਝ ਪਪੀਹੇ ਦਾ ਕੌਣ ਰਾਖਾ ਛਮ ਛਮ ਬਰਸਕੇ ਦੁੱਖ ਨਿਵਾਰਦਾਂਏ। ਦਇਆ ਕਰੋ ਗਰੀਬ ਦੇ ਹਾਲ ਉਤੇ ਸਾਨੂੰ ਸ਼ੌਕ ਹੈ ਸਿਰਫ ਦੀਦਾਰ ਦਾਏ।ਮੇਰੇ ਐਬ ਅਮਾਲ ਨਾਂ ਦੇਖ ਅੱਖੀਂ ਗਧਾ ਲਦਿਆ ਗੁਨਾਹ ਦੇ ਭਾਰਦਾਏ। ਬਚਨ ਸਿੰਘ ਤੁਸਾਡੜੀ ਨਾਲ ਕਿਰਪਾ ਔਗਣ ਮਾਫ ਹੋਵੇ ਔਗਣਹਾਰ ਦਾਏ॥

Digitized by Panjab Digital Library | www.panjabdigilib.org

॥ ਗਜ਼ਲ ॥

ਗੁਰਮੁਖ ਬਾਬਾ ਹਰੀ ਸਿੰਘ ਪਿਆਰੇ ਤੁਮਰੀ ਜਾਣੇ ਕੌਣ ਗਤੀ,
ਮੈਂਹਮਾਂ ਬਰਨ ਨਾ ਸਾਕੂੰ ਮੁਖ ਸੇ ਮਹਾਂ ਕਲੰਕੀ ਮੂੜ੍ਹ ਮਤੀ।
ਨਰ ਕਾ ਚੋਲਾ ਪਤਤ ਉਧਾਰਨ ਕੋ ਕਲਜੁਗ ਮੈਂ ਧਾਰ ਲੀਆ,
ਇਸ ਕਲੂ ਮੈਂ ਲਾਖ ਕੁਕਰਮੀ ਤਾਰੇ ਮੇਰੇ ਪ੍ਰਾਨ ਪਤੀ।
ਨਿਮਕ ਹਰਾਮੀ ਮੈਂ ਪਾਪੀ ਨੂੰ ਬਖਸ਼ਿਆ ਦਾਨ ਪਿਆਰੇ ਨੇ,
ਨਾਮ ਅਮੋਲਕ ਪਾਕਰ ਝੋਲੀ ਚਰਨਨ ਮੈਂ ਕੀਨੀ ਗਤੀ।
ਬਾਦਸ਼ਾਹਾਂ ਦਾ ਸ਼ਾਹ ਬਾਬਾ ਤੂੰ ਮਾਲਕ ਦੋਊ ਜਹਾਨੋਂ ਕਾ,
ਨੇਤ ਨੇਤ ਕਰ ਸ਼ੇਸ਼ ਅਰਾਧੇ ਪੂਜ ਰਹੇ ਹੈਂ ਜਤੀ ਸਤੀ।
ਕੌਣ ਅਗਾਧ ਗਤੀ ਕੋ ਬਰਨੇਂ ਘਟ ਘਟ ਮੈਂ ਪ੍ਰਕਾਸ਼ ਕੀਆ,
ਹਰ ਰਰ ਦਿਲਕੀ ਜ਼ਾਨਣਹਾਰੇ ਉਪਜ ਰਹੀ ਜੋ ਰਤੀ ਰਤੀ।
ਇਕਦਿਨ ਸੁਫਨੇ ਦੇ ਵਿਚ ਰਾਤੀ ਆਨ ਮਿਲੇ ਸ਼ਹੁ ਆਜਜ਼ ਨੂੰ,
ਤੁਰਤ ਮਿਟਾਈ ਝਲਕ ਦਿਖਾਕੇ ਦਰਸ਼ਨ ਕੀ ਜੋ ਪਿਆਸ ਅਤੀ।

॥ ਗਜ਼ਲ ਕਵਾਲੀ ॥

ਮੇਰੇ ਮਾਲਕ ਮੇਰੇ ਪਿਆਰੇ ਤੇਰਾ ਮੈਨੂੰ ਸਹਾਰਾ ਹੈ,
ਕਿ ਜੈਸੇ ਬਿਨ ਮਲਾਹ ਕਿਸ਼ਤੀ ਲੀਏ ਮੁਸ਼ਕਲ ਕਨਾਰਾ ਹੈ।
ਤੇਰੀ ਯਾਦਗਾਰੀ ਮੇਂ ਬਰਸਤਾ ਨੀਰ ਆਂਖੋਂ ਸੇ,
ਜਿਉਂ ਸਮਝੋ ਗੁਲਸ਼ਨੇ ਅੰਦਰ ਬਹੇ ਛਮ ਛਮ ਫੁਹਾਰਾ ਹੈ।
ਤੇਰਾ ਦੀਦਾਰ ਕਾਫੀ ਹੈ ਮੇਰੇ ਆਂਸੂ ਬੁਝਾਨੇ ਕੋ,
ਦਿਲੇ ਆਸ਼ਕ ਬੈਹਲਾਨੇ ਕੋ ਜਿਉਂ ਦਿਲਬਰ ਕਾ ਇਸ਼ਾਰਾ ਹੈ।
ਲਗਾ ਕਰ ਕਦਮ ਸੇ ਮੈਨੂੰ ਸੰਭਾਲੋ ਮੇਹਰ ਕਰ ਅਪਨੀ,
ਜਿਧਰ ਦੇਖੂੰ ਬਿਨਾਂ ਤੇਰੇ ਨਹੀਂ ਰਿਸ਼ਤਾ ਹਮਾਰਾ ਹੈ।
ਦਖਾਕੇ ਸ਼ਕਲ ਭੋਲੀ ਨੂੰ ਮਿਟਾ ਦੋ ਦਰਦ ਸੀਨੇ ਕਾ,
ਜੇ ਇਤਨੀ ਨਾਂ ਹੂਈ ਰੈਹਮਤ ਤਾਂ ਜੀਨੇ ਕਾ ਨਹੀਂ ਚਾਰਾ ਹੈ।

Digitized by Panjab Digital Library | www.panjabdigilib.org

ਜੇ ਸਮਝੋ ਆਪਕੀ ਮਰਜ਼ੀ ਮੈਂ ਮੇਰੀ ਹੈ ਕਜਾ ਐਸੇ,
ਚਾਹੇ ਜੰਨਤ ਦਿਓ ਜਲਤ ਹਮੇਂ ਦਿਲ ਸੇ ਪਿਆਰਾ ਹੈ।
ਮੇਰੀ ਸਰਕਾਰ ਸੱਚੀ ਤੂੰ ਤੇਰਾ ਫਰਮਾਨ ਆਂਖੋਂ ਪੈ,
ਜਿਧਰ ਕਹੀਏ ਓਧਰ ਖਰਚੂੰ ਯੇ ਸਰ ਦਾਮਨ ਤੁਮਾਰਾ ਹੈ॥

॥ ਦੋਹੜੇ ॥

ਬੰਦੇ ਨਾਲੋਂ ਕੁੱਤਾ ਚੰਗਾ ਮਾਲਕ ਕੋਲੋਂ ਡਰਦਾ।
ਰਹੇ ਵਿਚਾਰਾ ਸਜੇ ਖਬੇ ਸਰੇ ਜੋ ਆਦਰ ਕਰਦਾ।
ਚਾਹੇ ਮਾਲਕ ਕਿਤਨਾ ਮਾਰੇ ਕਦਮਾਂ ਦੇ ਵਿਚ ਮਰਦਾ।
ਬਚਨ ਸਿੰਘਾ ਏਹ ਬੰਦਾ ਖਾਕੇ ਲੂਣ ਹਰਾਮੀ ਕਰਦਾ।

—o—

ਸਾਰੀ ਉਮਰ ਗਵਾਈ ਐਵੇਂ ਵੇਦ ਕਤਾਬਾਂ ਪੜ੍ਹਕੇ।
ਲੱਖ ਉਪਦੇਸ਼ ਸੁਣੇ ਵਿਚ ਮੰਦਰਾਂ ਔਰ ਮਸੀਤੀਂ ਵੜਕੇ।
ਨਾਲ ਅਨੇਕਾਂ ਚਰਚਾ ਕੀਤੀ ਮੈਹਫਲ ਦੇ ਵਿਚ ਖੜਕੇ।
ਦਿਲ ਦੀ ਅੱਗ ਨਾਂ ਕਿਸੇ ਬੁਝਾਈ ਸਗੋਂ ਵਧੇਰੀ ਭੜਕੇ।
ਇਕਦਿਨਸੱਚਾ ਸਤਿਗੁਰਮਿਲਿਆ ਜਿਸਨੇਪਾਯਾਛੜਕੇ।
ਛੱਡ ਤਕੱਬਰ ਬਚਨਸਿੰਘਾ ਹੁਣ ਕੀ ਲੈਣਾ ਈ ਲੜਕੇ।

—o—

ਮੰਦਾ ਕੌਣ ਹੈ ਦੂਜਾ ਮੈਥੋਂ ਬੁੱਕਲ ਜੇ ਮੂੰਹ ਪਾਵਾਂ।
ਲੋਕਾਂ ਨੂੰ ਉਪਦੇਸ਼ ਸੁਨਾਵਾਂ ਖਲੀਆਂ ਕਰ ਕਰ ਬਾਵਾਂ।
ਔਗਣ ਜ਼ਾਹਰ ਕਰਾਂ ਸਭ ਜੱਗਦੇ ਅਪਣਾ ਪਾਪ ਛੁਪਾਵਾਂ।
ਸੱਚਾ ਬਣ ਬਣ ਆਪ ਦਖਾਵਾਂ ਜੱਗ ਨੂੰ ਫਤਵੇ ਲਾਵਾਂ।
ਜੇਕਰ ਅੰਦਰ ਮਾਰਾਂ ਝਾਤੀ ਜੀਉਂਦਾ ਹੀ ਮਰ ਜਾਵਾਂ।
ਬਚਨਸਿੰਘਾ ਕਿਉਂ ਕਰੇਂ ਬੇਸਮਝੀ ਵਿਸ਼ਟਾ ਫੋਲੇ ਕਾਵਾਂ।

—o—

Digitized by Panjab Digital Library | www.panjabdigilib.org

ਤਾਂਘ ਪੀਆ ਦੀ ਅੰਦਰ ਮੇਰਾ ਖੂਨ ਸਰੀਰੋਂ ਭੁਜੇ।
ਲੱਗੀ ਅੱਗ ਗਮਾਂ ਦੀ ਸੀਨੇ ਪਲ ਭਰ ਮੂਲ ਨਾ ਬੁਝੇ।
ਨੈਨ ਤਕੇਂਦੇ ਰਸਤਾ ਦੋਵੇਂ ਰੋ ਰੋ ਭੈੜੇ ਸੁਜੇ'
ਕਰ ਗਏ ਰੋਗੀ ਜਿੰਦ ਮੇਰੀ ਨੂੰ ਜ਼ਖਮ ਲਗਾਕੇ ਗੁਝੇ।
ਪਰਤ ਨਾਂ ਸੱਜਨ ਘਰ ਨੂੰ ਆਏ ਖਬਰੇ ਕਿਥੇ ਰੁਝੇ।
ਜੋਗਨ ਬਣਕੇ ਲੱਭ ਲਿਆਵਾਂ ਏਹ ਵੀ ਗੱਲ ਨਾਂ ਪੁਜੇ।
ਨਾਲੇ ਡਰਦੀ ਗੱਲ ਨਾਂ ਕਰਦੀ ਕੰਨੇ ਪਵੇ ਮਤ ਦੂਜੇ।
ਬਚਨਸਿੰਘਾਓਸ ਦਿਲਬਰ ਬਾਝੋਂ ਦਿਲਦੀਆਂ ਕੇੜ੍ਹਾਬੂਝੇ।

—o—

ਪੰਡਤ ਮੁੱਲਾਂ ਕਾਜ਼ੀ ਭੈੜੇ ਪੜ੍ਹ ਪੜ੍ਹ ਕੂੜ ਕਿਤਾਬਾਂ ਨੂੰ।
ਫਤਵੇ ਲਾਵਨ ਆਸ਼ਕ ਲੋਕਾਂ ਦੱਸ ਦੱਸ ਐਬ ਸਵਾਬਾਂ ਨੂੰ।
ਅਪਨੇ ਪਾਪ ਛਪੌਂਦੇ ਵਿਡਵਿਚ ਚੰਮ ਦੇ ਸੁੱਟ ਨਕਾਬਾਂ ਨੂੰ।
ਅੰਦਰ ਫੋਲ ਤਸੱਲੀ ਕਰ ਲੌ ਭੋਗਨ ਪਏ ਅਜਾਬਾਂ ਨੂੰ।
ਅਕਬਤ ਵੇਲੇ ਲੇਖਾ ਪੁਛਨਾ ਕਰ ਕਰ ਖੂਬ ਹਸਾਬਾਂ ਨੂੰ।
ਬਚਨਸਿੰਘਾ ਰੱਬ ਡਾਢੇ ਤਾਂਈਂ ਦੇਵੇ ਕੌਣ ਜਵਾਬਾਂ ਨੂੰ।

—o—

ਅੱਖਾਂ ਦੇ ਨਾਲ ਫਿਰਕੇ ਡਿਠਾ ਜਿਤਨਾ ਜਗਤ ਤਮਾਮੀ।
ਰੱਬ ਜ਼ਿਹਾ ਕੋਈ ਪਾਕ ਨਾਂ ਦਿਸੇ ਮੈਂ ਜਿਹਾ ਕਪਟੀ ਕਾਮੀ।
ਮਨਾ ਕਮਬਖਤਾ ਆਖੇ ਲੱਗ ਜਾਹ ਛੱਡਦੇ ਕੰਮ ਹਰਾਮੀ।
ਹਰ ਹਰ ਵੇਲੇ ਬਦੀਆਂ ਕਰਨਾ ਬਖਸ਼ੇ ਕੌਣ ਖੁਨਾਮੀ।
ਆਖਰਕਾਰ ਜਾਂ ਲੇਖਾ ਪੁਛਣ ਕੌਣ ਭਰੇਗਾ ਹਾਮੀ।
ਬਚਨ ਸਿੰਘਾ ਕੀ ਹਾਲ ਅਸਾਡਾ ਜਾਣੇਂ ਅੰਤਰਜਾਮੀ।

—o—

Digitized by Panjab Digital Library | www.panjabdigilib.org

॥ ਕਵੀ ॥

ਸ਼ਾਇਰ ਕਵੀ ਜਹਾਨ ਤੇ ਬਹੁਤ ਹੋਏ ਕਲਮ ਜਿਨ੍ਹਾਂ ਦੀ ਵਿਚ ਅਸਰਾਰ ਹੈਸੀ। ਮਿੱਠਾ ਬੋਲਦੇ ਘੋਲਦੇ ਸ਼ੈਹਦ ਸ਼ਰਬਤ ਭੋਲੀ ਮੂੰਹ ਦੀ ਸਫਾ ਗੁਫਤਾਰ ਹੈਸੀ। ਮੋਤੀ ਸੁਖਨ ਦਿਲ ਅੰਦਰੋਂ ਕੱਢਦੇ ਨੇ ਦੁਨੀਆਂ ਹੋਂਵਦੀ ਵੇਖ ਨਸਾਰ ਹੈਸੀ। ਬਚਨ ਸਿੰਘ ਤਾਰੀਫ ਕੀ ਕਰਾਂ ਮੂੰਹੋਂ ਧਨੀ ਅਕਲ ਦੇ ਬੇਸ਼ੁਮਾਰ ਹੈਸੀ ॥

ਸਾਡੀ ਵਿਚ ਜ਼ਬਾਨ ਦੇ ਅਸਰ ਨਾਹੀਂ ਨਾਹੀਂ ਕਲਮ ਦੇ ਵਿਚ ਤਾਸੀਰ ਯਾਰਾ। ਜੋ ਕੁਝ ਲਫਜ਼ ਜ਼ਬਾਨ ਦੇ ਵਿਚ ਆਇਆ ਕੀਤਾ ਆਪਦੀ ਵਲ ਤਹਰੀਰ ਯਾਰਾ। ਕਰਕੇ ਗੌਰ ਖਿਆਲ ਸੁਧਾਰ ਲੈਣਾ ਜੋ ਕੁਝ ਲਿਖਿਆ ਇਸ ਫਕੀਰ ਯਾਰਾ। ਬਚਨ ਸਿੰਘ ਜਹਾਨ ਨੂੰ ਛੱਡ ਜਾਸੀ ਇਲਮ ਦਾਰ ਤੇ ਮੂੜ੍ਹ ਅਮੀਰ ਯਾਰਾ ॥

ਕਾਇਮ ਰੈਹਣ ਵਾਲੀ ਕੋਈ ਚੀਜ਼ ਨਾਹੀਂ ਦੁਨੀਆਂ ਹੈ ਫਨਾਹ ਮੁਕਾਮ ਸਾਰਾ। ਇਕੋ ਰਹੇਗਾ ਰੱਬ ਦਾ ਨਾਮ ਸੱਚਾ ਦਿਸੇ ਕਾਲ ਦਾ ਹੋਰ ਤੁਆਮ ਸਾਰਾ। ਅਜਲ ਨਿੱਤ ਮਨੁਖ ਨੂੰ ਤਾੜਦੀਏ ਅੱਖਾਂ ਤਲੇ ਹੈ ਜਗਤ ਤਮਾਮ ਸਾਰਾ। ਜੱਗ ਰੇਤ ਦੀ ਕੰਧ ਹੈ ਬਚਨ ਸਿੰਘਾ ਢੱਠ ਜਾਵਸੀ ਅੰਤ ਨੂੰ ਧਾਮ ਸਾਰਾ ॥

॥ ਕਵੀਸ਼ਰ ॥

ਸੁਫਨੇ ਵਾਂਗਰਾਂ ਰਾਤ ਜਹਾਨ ਅੰਦਰ ਜਨਮ ਰਤਨ ਅਨਮੁਲੜਾ ਹਰ ਗਿਆ ਮੈਂ। ਪੈਰਾਂ ਨਾਲ ਨਾਂ ਤੀਰਥੀਂ ਗਿਆ ਟੁਰਕੇ ਹੱਥੀਂ ਸੇਵ ਨਾਂ ਕਿਸੇ ਦੀ ਕਰ ਗਿਆ ਮੈਂ। ਸੁਖਾਂ ਵਿਚ ਨਾਂ ਰੱਬ ਦੀ ਯਾਦ ਕੀਤੀ ਐਵੇਂ ਡੰਡ ਵਕਾਰਾਂ ਦਾ ਭਰ ਗਿਆ ਮੈਂ। ਵਾਂਗੂ ਬੁਲਬੁਲੇ ਉਪਜਕੇ ਜੱਗ ਅੰਦਰ ਐਵੇਂ ਜੰਮਿਆ ਤੇ ਐਵੇਂ ਮਰਗਿਆ ਮੈਂ ॥

Digitized by Panjab Digital Library | www.panjabdigilib.org

ਜੇਕਰ ਚਿੱਤ ਨੂੰ ਮਿਲਨ ਦੀ ਸਿੱਕ ਹੋਵੇ ਮਿਸਰਾ ਦੇਖਕੇ ਚਿੱਤ ਸਮਝਾ ਲੈਣਾ। ਪਾਪੀ ਪੁਰਸ਼ ਦੇ ਨਾਲ ਮਿਲਾਪ ਮੰਦਾ ਐਵੇਂ ਮਿਲਨ ਨੂੰ ਚਿੱਤ ਨਾਂ ਚਾਹ ਲੈਣਾ। ਨਾਲ ਪਾਪੀਆਂ ਤੁਰਤ ਕਲੰਕ ਲਗੇ ਜਾਣ ਬੁਝਕੇ ਰੋਗ ਨਾਂ ਲਾ ਲੈਣਾ। ਕਰਕੇ ਭਜਨ ਭਗਵੰਤ ਦਾ ਬਚਨ ਸਿੰਘਾ ਦਰਸ਼ਨ ਓਸ ਕਰਤਾਰ ਦਾ ਪਾ ਲੈਣਾ ॥

ਸੰਪੂਰਨ

Digitized by Panjab Digital Library | www.panjabdigilib.org

# ਹੱਕ ਦੇਣ ਦੀ ਵਜਾ

ਅਮ੍ਰਿਤਸਰ ਸਤਿਗੁਰਾਂ ਦੀ ਵਿਚ ਨਗਰੀ ਮਾਈ ਸੇਵਾਂ ਦਾ ਇਕ ਬਜ਼ਾਰ ਹੈਸੀ। ਗੈਹਮਾਂ ਗੈਹਮ ਕਮਾਲ ਅਬਾਦ ਆਹਾ ਹਰ ਇਕ ਚੀਜ਼ ਦਾ ਹੋਵੇ ਵਪਾਰ ਹੈਸੀ। ਇਕ ਬੈਠ ਫਰੋਕਤਾ ਮਾਲ ਕਰਦੇ ਇਕ ਫਿਰਨ ਅਗੇ ਖਰੀਦਾਰ ਹੈਸੀ। ਅਚਨਾ ਚੇਤ ਵਿਚ ਇਸ ਬਜ਼ਾਰ ਦੇ ਜੀ ਬੁਢੇ ਪੁਰਸ਼ ਦਾ ਹੋਇਆ ਜਮਾਲ ਹੈਸੀ। ਭੋਲੀ ਸ਼ਕਲ ਧਰਮਾਤਮਾਂ ਮੂਰਤੀ ਜਿਉਂ ਵ੍ਹਚੋਂ ਦੂਈ ਦ੍ਵੈਤ ਦੇ ਬਾਹਰ ਹੈਸੀ। ਬਚਨਸਿੰਘ ਪ੍ਰੇਮੀਆਂ ਬੰਦਿ ਥੀਂ ਤਨਮਨ ਵਾਰਕੇ ਕਰੇ ਪਿਆਰਹੈਸੀ।

ਵਸਾਵਾ ਸਿੰਘ ਬਜ਼ੁਰਗ ਦਾ ਨਾਮ ਹੈਸੀ ਵੇਚੇ ਪੁਸਤਕਾਂ ਬੈਠ ਦੁਕਾਨ ਉਤੇ। ਇਕ ਦਿਨ ਬੈਠਕੇ ਮੈਂ ਗੁਫਤਗੂ ਕੀਤੀ ਖੜਾ ਦੇਖਿਆ ਧਰਮ ਈਮਾਨ ਉਤੇ। ਮੇਰੇ ਪਾਸ ਖਰੜਾ ਅਨੂਪ ਕੌਰ ਦਾ ਸੀ ਇਸ ਪੁਰਸ਼ ਦਾ ਪਿਆ ਧਿਆਨ ਉਤੇ। ਕਹਿੰਦੇ ਜ਼ਰਾ ਦਖਾਵਣਾ ਲਿਖਿਆ ਕੀ ਚਲੇ ਹੋ ਕੇਹੜੀ ਦਾਸਤਾਨ ਉਤੇ॥

ਅਨੂਪਕੌਰ ਦੇ ਦੇਖ ਪ੍ਰਸੰਗ ਤਾਂਈਂ ਮੂੰਹੋਂ ਆਖਦੇ ਦੇ ਦਿਓ ਹੱਕ ਸਾਨੂੰ। ਇਸਨੂੰ ਅਸੀਂ ਛਪਾਕੇ ਵੇਚਲਾਂ ਗੇ ਦਿਲੋਂ ਹੋਗਿਆ ਸ਼ੌਕ ਬ੍ਹਹੱਕ ਸਾਨੂੰ। ਮੈਂ ਭੀ ਸੋਚਿਆ ਚਿੱਤ ਦੇ ਵਿਚ ਥੋੜਾ, ਮਾਇਆ ਖਟਣੀ ਪਵੇਗੀ ਪੱਕ ਸਾਨੂੰ। ਹੱਕ ਆਪਣਾ ਲੈਕੇ ਹੱਕ ਦੇਈਏ ਪਿਛੇ ਰਿਹਾ ਕੀ ਚਿੱਤ ਮੇਂ ਸ਼ੱਕ ਸਾਨੂੰ। ਪਹਿਲਾ ਹੱਕ ਕਾਨੂੰਨ ਦੇ ਨਾਲ ਦਿਤਾ ਜੈਸੇ ਪਵੇ ਨਾਂ ਰਗੜਨਾ ਨੱਕ ਸਾਨੂੰ। ਬਚਨ ਸਿੰਘ ਵਿਹਾਰ ਨੂੰ ਸਾਫ ਰਖੀਂ ਪੜਦਾ ਪਾਇਕੇ ਮਾਲਕਾ ਢੱਕ ਸਾਨੂੰ॥

ਦਾਸ—ਬਚਨ ਸਿੰਘ ਕਵੀਸ਼ਰ
ਅੰਮ੍ਰਿਤਸਰ

ਮਹੀਨਾ ਕਤੱਕ
ਸੰ: ਨਾਨਕ ਸ਼ਾਹੀ ੪੪੨

Digitized by Panjab Digital Library | www.panjabdigilib.org

# ਪੰਜਾਬੀ ਵਿਚ ਮਿੱਠੀ ਕਵਿਤਾ

ਰਚਿਤ ਸ੍ਰੀ ਮਾਨ ਕਵੀ ਬਚਨ ਸਿੰਘ ਜੀ ਦੇ ਪੁਸਤਕ

[ਸੱਤ ਸੀਸ ਹਿੱਸਾ ਪਹਿਲਾ]

ਇਸ ਵਿਚ ਸਤਿਗੁਰਾਂ ਦੇ ਸੱਤ ਸੀਸ ਧਰਮ ਹੇਤ ਕੁਰਬਾਨ ਹੋਇ ਦਸੇ ਗਏ ਹਨ। ਇਹ ਪੁਸਤਕ ਸਵਾਦਲੀ ਤੇ ਫਲਦਾ ਯੋਗ ਹੈ। ਕੀਮਤ ੧॥)

[ਸੱਤ ਸੀਤ ਹਿੱਸਾ ਦੂਸਰਾ]

ਇਸ ਪੁਸਤਕ ਵਿਚ ਸਾਹਿਬਜ਼ਾਦਿਆਂ ਦੇ ਚਮਕੌਰ ਸਾਹਿਬ ਵਿਚ ਘੋਰ ਯੁੱਧ ਅਰ ਸਰਹੰਦ ਵਿਚ ਕੁਰਬਾਨੀਆਂ ਦਸੀਆਂ ਗਈਆਂ ਹਨ। ਇਹ ਪੁਸਤਕ ਬੜੀ ਸਵਾਦਲੀ ਤੇ ਲਾਭਦਾਇਕ ਹੈ ਜੋ ਛਪਕੇ ਛੇਤੀ ਹੀ ਤਿਆਰ ਹੋਣ ਵਾਲੀ ਹੈ। ਕੀਮਤ ੧॥)

[ਕਰਾਮਾਤੀ ਪੰਜਾ]

ਇਸ ਪੁਸਤਕ ਵਿਚ ਵਲੀ ਕੰਧਾਰੀ ਦੀ ਸਤਿਗੁਰਾਂ ਨਾਲ ਗੋਸ਼ਟ ਬੜੀ ਸਵਾਦਲੀ ਤੇ ਮਿਠੀ ਤਰਜ਼ ਸ਼ਾਹ ਬਹਿਰਾਮ ਵਾਲੀ ਤੇ ਦਰਜ ਕੀਤੀ ਗਈ ਹੈ। ਕੀਮਤ =)

[ਤਿੱਤਰ ਜੱਟ ਤੇ ਬਾਜ ਬਾਣੀਆਂ]

ਇਹ ਪੁਸਤਕ ਵੀ ਬੜੀ ਸਵਾਦਲੀ ਤੇ ਸਿਖਜਾ ਦਾਇਕ ਹੈ। ਕੀਮਤ =)

ਮਿਲਨ ਦਾ ਪਤਾ—

## ਭਾਈ ਬਚਨ ਸਿੰਘ ਕਵੀਸ਼ਰ

ਕਟੜਾ ਜਲ੍ਹੇ ਵਾਲੀਆਂ ਮੁਤਸਿਲ ਤਾਲਾਬ ਪ੍ਰੀਤਮ ਦਾਸ

ਅਮ੍ਰਿਤਸਰ

ਨੋਟ—ਉਪਰ ਲਿਖੀਆਂ ਪੁਸਤਕਾਂ ਹਰ ਇਕ ਪੁਸਤਕਾਂ ਵਾਲੇ ਪਾਸੋਂ ਭੀ ਮਿਲ ਸਕਦੀਆਂ ਹਨ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1330

Digitized by Panjab Digital Library | www.panjabdigilib.org

Digitized by Panjab Digital Library | www.panjabdigilib.org